ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

Vol 19 *Issue 24 Thursday, February 06, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

## ਅੰਦਰ ਪੜ੍ਹੋ

ਨਵੇਂ ਕੋਰੋਨਾਵਾਇਰਸ ਆਊਟਬ੍ਰੇਕ ਕਾਰਨ ਸਮੁੰਦਰੀ ਬੇੜੇ ਨੂੰ ਜਾਪਾਨ ਦੇ ਤਟ 'ਤੇ ਰੋਕਿਆ — ਪੰਨਾ 03

ਰਾਮ ਮੰਦਰ ਬਣਾਉਣ ਲਈ ਪ੍ਰਧਾਨ ਮੰਤਰੀ ਮੋਦੀ ਵੱਲੋਂ 15 ਮੈਂਬਰੀ ਟਰੱਸਟ ਦਾ ਐਲਾਨ — ਪੰਨਾ 04





# ਵੂਹਾਨ ਤੋਂ ਕੁਝ ਦਰਜਨ ਕੈਨੇਡੀਅਨਾਂ ਨੂੰ ਅਮਰੀਕੀ ਜਹਾਜ਼ ਰਾਹੀਂ ਵਾਪਿਸ ਲਿਆਂਦਾ ਜਾਵੇਗਾ : ਸ਼ੈਂਪੇਨ

ਓਟਵਾ, 5 ਫਰਵਰੀ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਵੱਲੋਂ ਵੂਹਾਨ ਵਿੱਚ ਫਸੇ ਕੁਝ ਦਰਜਨ ਕੈਨੇਡੀਅਨਾਂ ਨੂੰ ਵਾਪਿਸ ਲਿਆਉਣ ਲਈ ਅਮਰੀਕੀ ਜਹਾਜ਼ ਵਿੱਚ ਥਾਂ ਰਾਖਵੀਂ ਰਖਵਾਈ ਹੈ।



ਫੈਡਰਲ ਸਰਕਾਰ ਵੱਲੋਂ ਇੱਕ ਜਹਾਜ਼ ਦਾ ਪ੍ਰਬੰਧ ਕੀਤਾ ਗਿਆ ਹੈ ਜਿਹੜਾ 211 ਕੈਨੇਡੀਅਨਾਂ ਨੂੰ ਵੂਹਾਨ ਤੋਂ ਵਾਪਿਸ ਲਿਆਵੇਗਾ। ਇਸ ਜਹਾਜ਼ ਦੇ ਰਵਾਨਾ ਹੋਣ ਤੋਂ ਕੁਝ ਦੇਰ ਬਾਅਦ ਹੀ ਅਮਰੀਕੀ ਜਹਾਜ਼ ਉਡਾਨ ਭਰੇਗਾ। ਸਰਕਾਰ ਵੱਲੋਂ ਜਿਹੜਾ ਚਾਰਟਰਡ ਪਲੇਨ ਕੈਨੇਡੀਅਨਾਂ ਨੂੰ ਲੈਣ ਲਈ ਚੀਨ ਭੇਜਿਆ ਗਿਆ ਸੀ ਉਹ ਹੁਣ ਤੱਕ ਵਾਪਸੀ ਲਈ ਰਵਾਨਾ ਹੋ ਜਾਣਾ ਚਾਹੀਦਾ ਸੀ ਪਰ ਖਰਾਬ ਮੌਸਮ ਕਾਰਨ ਉਸ ਦੇ ਉਡਾਨ ਭਰਨ ਵਿੱਚ ਦੇਰ ਹੋ ਗਈ।

ਸ਼ੈਂਪੇਨ ਨੇ ਆਖਿਆ ਕਿ 400 ਦੇ ਨੇੜੇ ਤੇੜੇ ਕੈਨੇਡੀਅਨਾਂ ਨੇ ਵੂਹਾਨ ਛੱਡਣ ਲਈ ਓਟਵਾ ਤੋਂ ਮਦਦ ਮੰਗੀ ਸੀ। ਸ਼ੈਂਪੇਨ ਨੇ ਆਖਿਆ ਕਿ ਕੈਨੇਡਾ ਵੱਲੋਂ ਭੇਜੇ ਜਹਾਜ਼ ਤੇ ਅਮਰੀਕੀ ਜਹਾਜ਼ ਦੇ ਦੇਸ਼ ਪਰਤਣ ਤੋਂ ਬਾਅਦ ਵੀ ਅਜਿਹੇ ਕੈਨੇਡੀਅਨ ਹਨ ਜਿਹੜੇ ਵੂਹਾਨ ਛੱਡਣਾ ਚਾਹੁੰਦੇ ਹਨ। ਸਰਕਾਰ ਇਸ ਸਬੰਧ ਵਿੱਚ ਹੋਰ ਬਦਲ ਤਲਾਸ਼ ਰਹੀ ਹੈ। ਇਹ ਵੀ ਹੋ ਸਕਦਾ ਹੈ ਕਿ ਸਰਕਾਰ ਇੱਕ ਹੋਰ ਚਾਰਟਰਡ ਪਲੇਨ ਇਨ੍ਹਾਂ ਕੈਨੇਡੀਅਨਾਂ ਨੂੰ ਲੈਣ ਵਾਸਤੇ ਘੱਲੇ।

ਚਾਰਟਰਡ ਜਹਾਜ਼ ਵਿੱਚ ਸਵਾਰ ਤੇ ਅਮਰੀਕੀ ਜਹਾਜ਼ ਵਿੱਚ ਕੈਨੇਡਾ ਪਰਤਣ ਵਾਲਿਆਂ ਨੂੰ ਹੌਲੀ ਹੌਲੀ ਫੇਰੀਜ਼ ਰਾਹੀਂ ਓਨਟਾਰੀਓ ਸਥਿਤ ਕੈਨੇਡੀਅਨ ਫੋਰਸਿਜ਼ ਦੇ ਟਿਕਾਣੇ ਉੱਤੇ ਭੇਜਿਆ ਜਾਵੇਗਾ। ਜਿੱਥੇ ਦੋ ਹਫਤੇ ਤੱਕ ਇਹ ਵੇਖਣ ਲਈ ਉਨ੍ਹਾਂ ਦੀ ਨਿਗਰਾਨੀ ਕੀਤੀ ਜਾਵੇਗੀ ਕਿ ਕਿਤੇ ਉਹ ਕੋਰੋਨਾਵਾਇਰਸ ਦੀ ਚਪੇਟ ਵਿੱਚ ਤਾਂ ਨਹੀਂ ਆ ਗਏ।

# ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਕਲਾਤ




ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਕਲਾਤ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

# ਟੋਰਾਂਟੋ ਸਕੂਲ ਲਾਗੇ ਬੰਦੂਕਧਾਰੀ ਨੇ ਕਾਰ ਉੱਤੇ ਚਲਾਈਆਂ ਗੋਲੀਆਂ

## ਕਾਰ ਵਿੱਚ ਸਵਾਰ ਸਨ ਚਾਰ ਵਿਦਿਆਰਥੀ



ਸਕਾਰਬੌਰੋ, 5 ਫਰਵਰੀ (ਪੋਸਟ ਬਿਊਰੋ) : ਸਕਾਰਬੌਰੋ ਦੇ ਸਕੂਲ ਦੇ ਨੇੜੇ ਖੜ੍ਹੀ ਗੱਡੀ ਵਿੱਚ ਉਸ ਸਮੇਂ ਚਾਰ ਵਿਦਿਆਰਥੀ ਬੈਠੇ ਸਨ ਜਦੋਂ ਬੁੱਧਵਾਰ ਦੁਪਹਿਰ ਨੂੰ ਇੱਕ ਹਥਿਆਰਬੰਦ ਵਿਅਕਤੀ ਉੱਥੇ ਪਹੁੰਚਿਆ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਘਟਨਾ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਹੈ।

ਜਾਂਚਕਾਰਾਂ ਅਨੁਸਾਰ ਦੁਪਹਿਰੇ 1:10 ਉੱਤੇ ਪੁਲਿਸ ਅਧਿਕਾਰੀਆਂ ਨੂੰ ਮਾਰਖਮ ਰੋਡ ਤੇ ਲਾਰੈਂਸ ਐਵਨਿਊ ਈਸਟ ਨੇੜੇ ਸਥਿਤ ਸੀਡਰਬਰੇਅ ਕਾਲਜੀਏਟ ਇੰਸਟੀਚਿਊਟ ਦੇ ਪਿੱਛੇ ਗੋਲੀਆਂ ਚੱਲਣ ਦੀਆਂ ਕਈ ਸ਼ਿਕਾਇਤਾਂ ਮਿਲੀਆਂ।

...ਬਾਕੀ ਪੰਨਾ 6 'ਤੇ

# ਇੰਪੀਚਮੈਂਟ ਮਾਮਲੇ ਵਿੱਚ ਟਰੰਪ ਬਰੀ

ਵਾਸ਼ਿੰਗਟਨ, 5 ਫਰਵਰੀ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਇੰਪੀਚਮੈਂਟ ਮਾਮਲੇ ਵਿੱਚ ਅਮਰੀਕੀ ਸੈਨੇਟ ਵੱਲੋਂ ਬੁੱਧਵਾਰ ਨੂੰ ਬਰੀ ਕਰ ਦਿੱਤਾ ਗਿਆ। ਅਮਰੀਕੀ ਇਤਿਹਾਸ ਵਿੱਚ ਟਰੰਪ ਤੀਜੇ ਰਾਸ਼ਟਰਪਤੀ ਹਨ ਜਿਨ੍ਹਾਂ ਖਿਲਾਫ ਇੰਪੀਚਮੈਂਟ ਦੀ ਕਾਰਵਾਈ ਕੀਤੀ ਗਈ ਤੇ ਇਸ ਸਬੰਧੀ ਪਈਆਂ ਵੋਟਾਂ ਨੇ ਦੇਸ਼ ਨੂੰ ਵੰਡ ਦਿੱਤਾ। ਟਰੰਪ ਦੇ ਕਸੂਰਵਾਰ ਹੋਣ ਜਾਂ ਨਾ ਹੋਣ ਬਾਰੇ ਸੈਨੇਟਰਜ਼ ਨੇ ਵੋਟ ਕੀਤਾ ਤੇ ਫਿਰ ਚੀਫ ਜਸਟਿਸ ਜੌਹਨ ਰੌਬਰਟਸ ਨੇ ਟਰੰਪ ਨੂੰ ਵੋਟਾਂ ਦੇ ਆਧਾਰ ਉਤੇ ਮਹਾਭਿਯੋਗ ਤੋਂ ਬਰੀ ਕਰ ਦਿੱਤਾ।

...ਬਾਕੀ ਪੰਨਾ 6 'ਤੇ

## ਸ਼ੋਕ ਸਮਾਚਾਰ

# ਸਰਦਾਰ ਕਰਤਾਰ ਸਿੰਘ ਬੇਦੀ ਨਹੀਂ ਰਹੇ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰ ਕਰਤਾਰ ਸਿੰਘ ਬੇਦੀ ਮਿਤੀ 2 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ। ਉਹ 85 ਸਾਲ ਦੇ ਸਨ। ਸਾਲ 1991 ਵਿਚ ਉਹ ਕੈਨੇਡਾ ਆਏ ਅਤੇ ਓਨਟਾਰੀਓ ਦੇ ਇਟੋਬੀਕੋਕ ਸ਼ਹਿਰ ਵਿਚ ਰਹਿਣ ਲੱਗੇ, ਜਿਸ ਤੋਂ ਬਾਅਦ ਬਰੈਂਪਟਨ ਵਿਚ ਸੈਟਲ ਹੋ ਗਏ। ਉਨ੍ਹਾਂ ਦਾ ਅੰਤਮ ਸਸਕਾਰ 8 ਫਰਵਰੀ, ਦਿਨ ਸ਼ਨੀਵਾਰ ਨੂੰ ਸਵੇਰੇ 7:30 ਵਜੇ ਤੋਂ 9:30 ਵਜੇ ਤੱਕ 30 Bramwin Court, Brampton, Ontario, L6T 5G2 ਵਿਖੇ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨਮਿਤ ਪਾਠ ਦੇ ਭੋਗ ਸਵੇਰੇ 10:30 ਵਜੇ ਤੋਂ ਦੁਪਹਿਰ 12:30 ਵਜੇ ਤੱਕ Nanaksar Thath Isher Darbar, 9954 The Gore Rd, Brampton, Ontario L6P OA7 ਵਿਖੇ ਪੈਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਪੁੱਤਰ ਮਨਜੀਤ ਸਿੰਘ ਬੇਦੀ ਨਾਲ 647-449-7946 ਜਾਂ ਰਣਧੀਰ ਸਿੰਘ ਬੇਦੀ ਨਾਲ 416-400-8436 ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Super Visa Insurance • Critical illness Ins • Mortgage Insurance • Travel & Visitor Ins • Disability Insurance • RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance • Life & Disability • Critical illness • RESP • Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration • Real Estate / Commercial Law • Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ • ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ • ਲੀਗਲ ਬੇਸਮੈਂਟ
COMMERCIAL: New store design & build • Lease hold Improvements • Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਮਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease • Business Purchase & Sale • Notarizations & Affidavits • Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance • Visitor Visa Insurance • Travel Insurance • Student Insurance • New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL 416 938 4598

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਨਵੇਂ ਕੋਰੋਨਾਵਾਇਰਸ ਆਊਟਬ੍ਰੇਕ ਕਾਰਨ ਸਮੁੰਦਰੀ ਬੇੜੇ ਨੂੰ ਜਾਪਾਨ ਦੇ ਤਟ ਉੱਤੇ ਰੋਕਿਆ

## ਜਹਾਜ਼ ਵਿੱਚ 251 ਕੈਨੇਡੀਅਨ ਸਵਾਰ

ਜਾਪਾਨ, 5 ਫਰਵਰੀ (ਪੋਸਟ ਬਿਊਰੋ) : ਨਵੇਂ ਕੋਰੋਨਾਵਾਇਰਸ ਆਊਟਬ੍ਰੇਕ ਦੀ ਪੁਸ਼ਟੀ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਲਿਜਾ ਰਹੇ ਸਮੁੰਦਰੀ ਜਹਾਜ਼ ਨੂੰ ਜਾਪਾਨ ਦੇ ਤੱਟ ਉੱਤੇ ਰੋਕ ਦਿੱਤਾ ਗਿਆ ਹੈ। ਇਸ ਵਿੱਚ 251 ਕੈਨੇਡੀਅਨ ਵੀ ਸਵਾਰ ਹਨ।

ਬੁੱਧਵਾਰ ਨੂੰ ਦਸ ਲੋਕਾਂ ਦੀ ਕੀਤੀ ਗਈ ਜਾਂਚ ਦੇ ਨਤੀਜੇ ਪਾਜ਼ੀਟਿਵ ਆਏ ਪਰ ਇਨ੍ਹਾਂ ਵਿੱਚੋਂ ਕੋਈ ਵੀ ਕੈਨੇਡੀਅਨ ਨਹੀਂ ਹੈ। ਇਹ ਜਾਣਕਾਰੀ ਪ੍ਰਿੰਸੈਸ ਕਰੂਜ਼ਿਜ਼ ਵੱਲੋਂ ਜਾਰੀ ਬਿਆਨ ਵਿੱਚ ਕੀਤੀ ਗਈ। ਇਸ ਸਮੁੰਦਰੀ ਜਹਾਜ਼ ਵਿੱਚ 2666 ਮਹਿਮਾਨ ਤੇ 1,045 ਅਮਲਾ ਮੈਂਬਰ ਸਵਾਰ ਹਨ। ਬਿਆਨ ਵਿੱਚ ਆਖਿਆ ਗਿਆ ਕਿ ਪ੍ਰਿੰਸੈਸ ਕਰੂਜ਼ਿਜ਼ ਇਸ ਗੱਲ ਦੀ ਪੁਸ਼ਟੀ ਕਰ ਸਕਦਾ ਹੈ ਕਿ ਡਾਇਮੰਡ ਪ੍ਰਿੰਸੈਸ ਉੱਤੇ ਸਵਾਰ ਸਾਰੇ ਮਹਿਮਾਨਾਂ ਤੇ ਅਮਲੇ ਦੇ ਮੈਂਬਰਾਂ ਦੀ ਸਿਹਤ ਸਬੰਧੀ ਸਕਰੀਨਿੰਗ ਦਾ ਪਹਿਲਾ ਪੜਾਅ ਮੁਕੰਮਲ ਕਰ ਲਿਆ ਗਿਆ ਹੈ।




ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਇਨਫੈਕਸ਼ਨ ਦਾ ਸ਼ਿਕਾਰ ਹੋਏ ਲੋਕਾਂ ਵਿੱਚੋਂ ਦੋ ਆਸਟਰੇਲੀਅਨ, ਤਿੰਨ ਜਾਪਾਨੀ, ਤਿੰਨ ਹਾਂਗ ਕਾਂਗ ਦੇ ਨਾਗਰਿਕ ਤੇ ਇੱਕ ਅਮਰੀਕੀ ਸ਼ਾਮਲ ਹੈ। ਇਨ੍ਹਾਂ ਤੋਂ ਇਲਾਵਾ ਫਿਲੀਪੀਨਜ਼ ਨਾਲ ਸਬੰਧਤ ਅਮਲੇ ਦਾ ਮੈਂਬਰ ਵੀ ਸ਼ਾਮਲ ਹਨ। ਸਿਰ ਤੋਂ ਲੈ ਕੇ ਪੈਰਾਂ ਤਕ ਚਿੱਟੇ ਰੰਗ ਦੀਆਂ ਚਾਦਰਾਂ ਵਿੱਚ ਲਪੇਟੇ ਗਏ ਇਨ੍ਹਾਂ ਪਾਜ਼ੀਟਿਵ ਕੇਸਾਂ ਨੂੰ ਮਾਸਕ ਧਾਰੀ ਤੇ ਦਸਤਾਨਿਆਂ ਵਾਲੇ ਅਧਿਕਾਰੀਆਂ ਨੂੰ ਕੋਸਟ ਗਾਰਡ ਬੇੜਿਆਂ ਉੱਤੇ ਪਹਿਲਾਂ ਕਿਨਾਰੇ ਉੱਤੇ ਲਿਜਾਇਆ ਗਿਆ ਤੇ ਫਿਰ ਲੋਕਲ ਹਸਪਤਾਲਾਂ ਵਿੱਚ ਭੇਜ ਦਿੱਤਾ ਗਿਆ।

ਇਹ ਵੀ ਆਖਿਆ ਜਾ ਰਿਹਾ ਹੈ ਕਿ ਇਹ ਜਹਾਜ਼ 14 ਦਿਨ ਤੱਕ ਯੋਕੋਹਾਮਾ ਵਿੱਚ ਹੀ ਰਹੇਗਾ। ਪ੍ਰਿੰਸੈਸ ਕਰੂਜ਼ਿਜ਼ ਪੂਰੀ ਤਰ੍ਹਾਂ ਸਹਿਯੋਗ ਦੇਣਾ ਜਾਰੀ ਰੱਖੇਗਾ ਤੇ ਗਲੋਬਲ ਮੈਡੀਕਲ ਅਧਿਕਾਰੀਆਂ ਅਤੇ ਜਾਪਾਨੀ ਸਰਕਾਰ ਦੀਆਂ ਹਦਾਇਤਾਂ ਦੀ ਵੀ ਪਾਲਣਾ ਕਰੇਗਾ। ਇਹ ਵੀ ਆਖਿਆ ਗਿਆ ਹੈ ਕਿ ਅਗਲੇ ਦੋ ਡਾਇਮੰਡ ਪ੍ਰਿੰਸੈਸ ਕਰੂਜ਼ਿਜ਼, ਜਿਨ੍ਹਾਂ ਨੇ 4 ਤੇ 12 ਫਰਵਰੀ ਨੂੰ ਯੋਕੋਹਾਮਾ ਤੋਂ ਰਵਾਨਾ ਹੋਣਾ ਸੀ, ਦੀ ਰਵਾਨਗੀ ਰੱਦ ਕਰ ਦਿੱਤੀ ਗਈ ਹੈ।

ਚੀਨ ਵਿੱਚ ਸ਼ੁਰੂ ਹੋਏ ਇਸ ਵਾਇਰਲ ਆਊਟਬ੍ਰੇਕ ਨਾਲ ਹੁਣ ਤੱਕ ਦੁਨੀਆ ਭਰ ਵਿੱਚ 24,500 ਤੋਂ ਵੀ ਵੱਧ ਲੋਕ ਇਨਫੈਕਟ ਹੋ ਚੁੱਕੇ ਹਨ ਤੇ ਇਸ ਕਾਰਨ ਹੁਬੇਈ ਪ੍ਰੋਵਿੰਸ ਵਿੱਚ 490 ਮੌਤਾਂ ਹੋ ਚੁੱਕੀਆਂ ਹਨ ਤੇ ਇੱਕ ਮੌਤ ਹਾਂਗ ਕਾਂਗ ਵਿੱਚ ਹੋਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA, LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO

OPEN HOUSE On Feb 2nd From 2:00 to 4:00 pm
DOON SOUTH - KITCHENER
" 4 BEDROOM HOME"
SEPARATE ENTRANCE TO BASEMENT
Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contempory floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
**Call Joseph today 519-575-2777**

IN - LAW SUITE
"LUXURIOUS - LARGE CUSTOM 2 STORY IN - LAW SUIT FINISHED WALK OUT BASEMENT"
Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7'' baseboards ad large casings, the 9'' main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. **Call Joseph today 519-575-2777**

IN - LAW SUITE
"BEAUTIFUL BUNGALOW 3/4 ACRE LOT IN-LAW SUITE"
1700 sqft Bungalow sitting on almost 3/4 of an acre beside kitchener. Minutes to 401. This bungalow has 3+1 bedrooms with a in law suite in basement that is a full basement walk out. The double door foyer is warm and inviting to enter th house. Upon entering is the former dining room plus former living room with the gas fireplace. Then you will enter the kitchen which is open to the 4 season sunroom with gas fireplace. This sunroom looks upon the conservation/ green space behind the home. 3 bedroom + 3 bathrooms home. No neighbours behind just trees. 3 bedrooms + 3 bathrooms on main floor plus laundry. In the basement is in- law suite with 2nd kitchen, 2 bedrooms, large family room with wet bar. Double attached garage plus a double detached garage and drive way holds 12 cars. Incredible views and beautiful lot. Great for large or multiple families.Asking $899,000.
**Call Joseph today 519-575-2777**

IN - LAW SUITE 2018
Gated Executive Community
Large Custom Built Bungalow
OPEN HOUSE On Feb 2nd From 2:00 to 4:00 pm
"EXECUTIVE LARGE FAMILY HOME IN-LAW SUITE"
This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000.**Call Joseph today 519-575-2777**

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਦਿੱਲੀ ਵਾਲਿਆਂ ਲਈ ਔਖੀ ਘੜੀ ਜਾਪੇ,
ਖਿੱਚੋਤਾਣ ਜਿਹੀ ਓੜਕ ਦੀ ਹੋਈ ਬੇਲੀ।
ਵੋਟਰ 'ਕੱਲਾ ਤੇ ਮੰਗ ਰਹੇ ਲੋਕ ਬਾਹਲੇ,
ਛੱਡਦਾ ਕਸਰ ਨਾ ਰਤਾ ਵੀ ਕੋਈ ਬੇਲੀ।
ਨੁਕਸ ਦੂਜੇ ਦਾ ਦੱਸਣ ਨੂੰ ਬੜੇ ਕਾਹਲੇ,
ਲਾਹੀ ਸਾਰਿਆਂ ਨੇ ਲੱਗਦੀ ਲੋਈ ਬੇਲੀ।
ਡਰਦਾ ਬੰਦਾ ਨਹੀਂ ਕਿਸੇ ਨੂੰ ਨਾਂਹ ਆਖੇ,
ਲੀਡਰ ਕਾਲਖ ਸਭ ਜਾਣ ਛੁਪੋਈ ਬੇਲੀ।
ਵੋਟਰ ਦਿੱਲੀ ਦਾ ਅਜੇ ਤੱਕ ਚੁੱਪ ਕੀਤਾ,
ਰਿਹਾ ਉਹ ਜਾਪਦਾ ਸਮਾਂ ਹੈ ਕੱਟ ਬੇਲੀ।
ਉਹਦੇ ਫੈਸਲੇ ਦਾ ਜਦੋਂ ਸਮਾਂ ਆਇਆ,
ਉਸ ਦਿਨ ਸੋਚ ਕੇ ਮਾਰੂਗਾ ਸੱਟ ਬੇਲੀ।

ਤੀਸ ਮਾਰ ਖਾਂ

# ਰਾਮ ਮੰਦਰ ਬਣਾਉਣ ਲਈ ਪ੍ਰਧਾਨ ਮੰਤਰੀ ਮੋਦੀ ਵੱਲੋਂ 15 ਮੈਂਬਰੀ ਟਰੱਸਟ ਦਾ ਐਲਾਨ

ਨਵੀਂ ਦਿੱਲੀ, 5 ਫਰਵਰੀ, (ਪੋਸਟ ਬਿਊਰੋ)- ਅਯੁੱਧਿਆ ਵਿੱਚ ਰਾਮ ਮੰਦਰ ਬਣਾਉਣ ਲਈ ਭਾਰਤ ਦੀ ਕੇਂਦਰ ਸਰਕਾਰ ਨੇ ਅੱਜ ਬੁੱਧਵਾਰ ਨੂੰ ਇਕ 15 ਮੈਂਬਰਾਂ ਦਾ ਆਜ਼ਾਦ ਟਰੱਸਟ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਸੁਪਰੀਮ ਕੋਰਟ ਵੱਲੋਂ ਦਿੱਤੀ ਤਿੰਨ ਮਹੀਨੇ ਦੀ ਸਮਾਂ ਹੱਦ ਮੁੱਕਣ ਤੋਂ ਚਾਰ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਲੋਕ ਸਭਾ ਅੰਦਰ ਇਸ ਦਾ ਐਲਾਨ ਕੀਤਾ। ਇਸ ਟਰੱਸਟ ਦਾ ਨਾਂ 'ਸ੍ਰੀ ਰਾਮ ਜਨਮ ਭੂਮੀ ਤੀਰਥ ਖੇਤਰ' ਹੋਵੇਗਾ। ਟਰੱਸਟ ਵਿੱਚ ਐਡਵੋਕੇਟ ਕੇ. ਪਰਾਸ਼ਰਣ ਵੀ ਸ਼ਾਮਲ ਕੀਤੇ ਗਏ ਹਨ ਅਤੇ ਦਫਤਰ ਅਜੇ ਉਨ੍ਹਾਂ ਦੇ ਘਰ ਤੋਂ ਚੱਲੇਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਰਲੀਮੈਂਟ ਵਿਚ ਅੱਜ ਇਸ ਟਰੱਸਟ ਦੇ ਬਣਾਏ ਜਾਣ ਦਾ ਐਲਾਨ ਕੀਤਾ। 'ਸ੍ਰੀ ਰਾਮ ਜਨਮ ਭੂਮੀ ਤੀਰਥ ਖੇਤਰ' ਦੇ ਨਾਂਅ ਨਾਲ ਬਣਾਏ ਜਾ ਰਹੇ ਇਸ 15 ਮੈਂਬਰੀ ਟਰੱਸਟ ਵਿਚ ਇਕ ਟਰੱਸਟੀ ਲਾਜ਼ਮੀ ਰੂਪ ਵਿਚ ਦਲਿਤ ਹੋਵੇਗਾ।

*** ਨੌਂ ਮੈਂਬਰ ਸਥਾਈ ਹੋਣਗੇ, ਇਕ ਦਲਿਤ, ਸਾਰੇ ਮੈਂਬਰ ਹਿੰਦੂ ਹੋਣਗੇ**

ਟਰੱਸਟ ਦੀ ਡੀਡ ਵਿਚ ਇਸ ਦੇ ਜਿਨ੍ਹਾਂ ਨੌਂ ਮੈਂਬਰਾਂ ਦੇ ਨਾਂਅ ਦਿੱਤੇ ਹਨ, ਉਨ੍ਹਾਂ ਵਿਚ ਸੁਪਰੀਮ ਕੋਰਟ ਵਿਚ ਚੱਲਦੇ ਕੇਸ ਵਿੱਚ ਹਿੰਦੂ ਪੱਖ ਦੀ ਵਕਾਲਤ ਕਰ ਚੁੱਕੇ ਵਕੀਲ ਕੇ. ਪਰਾਸਰਣ ਦਾ ਨਾਂ ਸਭ ਤੋਂ ਉਪਰ ਹੈ। ਸਾਲ 1989 ਵਿਚ ਰਾਮ ਮੰਦਰ ਦੀ ਨੀਂਹ ਰੱਖਣ ਵਾਲੇ ਦਲਿਤ ਕਾਮੇਸ਼ਵਰ ਚੌਪਾਲ ਦਾ ਨਾਂ ਵੀ ਇਨ੍ਹਾਂ ਵਿਚ ਸ਼ਾਮਲ ਹੈ।

ਗ੍ਰਹਿ ਮੰਤਰਾਲੇ ਦੇ ਇੱਕ ਅਧਿਕਾਰੀ ਖੇਲਾ ਰਾਮ ਮੁਰਮੂ ਨੇ ਅੱਜ ਬੁੱਧਵਾਰ 100 ਰੁਪਏ ਦੇ ਅਸ਼ਟਾਮ ਪੇਪਰ ਉੱਤੇ ਇਸ ਟਰੱਸਟ ਦੀ ਰਜਿਸਟਰੇਸ਼ਨ ਕਰਵਾਈ ਅਤੇ ਫਿਰ ਉਸ ਨੂੰ ਇਕ ਰੁਪਏ ਵਿਚ ਟਰੱਸਟ ਦੇ ਮੈਂਬਰ ਕੇ. ਪਰਾਸਰਨ ਨੂੰ ਤਬਦੀਲ ਕਰ ਦਿੱਤਾ। ਇਸ ਟਰੱਸਟ ਦੀ ਡੀਡ ਵਿਚ ਸਾਫ਼ ਦਰਜ ਕੀਤਾ ਗਿਆ ਹੈ ਕਿ ਇਸ ਦੇ ਬਣਨ ਪਿੱਛੋਂ ਸਰਕਾਰ ਦੀ ਇਸ ਵਿਚ



ਕੋਈ ਭੂਮਿਕਾ ਨਹੀਂ ਹੋਵੇਗੀ ਤੇ ਸਰਕਾਰੀ ਦਖ਼ਲ ਤੋਂ ਪੂਰੀ ਤਰ੍ਹਾਂ ਮੁਕਤ ਹੋਵੇਗਾ। ਇਸ ਟਰੱਸਟ ਦਾ ਐਡਰੈੱਸ ਹਾਲ ਦੀ ਘੜੀ ਕੇ. ਪਰਾਸਰਨ ਦੇ ਗ੍ਰੇਟਰ ਕੈਲਾਸ਼ ਪਾਰਟ-1 ਵਾਲੀ ਰਿਹਾਇਸ਼ ਨੂੰ ਲਿਖਿਆ ਗਿਆ ਹੈ, ਪਰ ਇਹ ਬਾਅਦ ਵਿਚ ਟਰੱਸਟ ਦੇ ਮੈਂਬਰਾਂ ਵੱਲੋਂ ਕਿਸੇ ਦੂਸਰੀ ਥਾਂ ਬਦਲਿਆ ਜਾ ਸਕਦਾ ਹੈ। ਟਰੱਸਟ ਨੂੰ ਰਾਮ ਮੰਦਰ ਬਣਾਉਣ ਤੇ ਉਸ ਦੀ ਸਾਂਭ-ਸੰਭਾਲ ਲਈ ਧਨ ਇਕੱਠਾ ਕਰਨ ਅਤੇ ਉਸ ਦੇ ਪ੍ਰਬੰਧ ਦੀ ਪੂਰੀ ਛੋਟ ਹੋਵੇਗੀ।

ਰਾਮ ਮੰਦਰ ਦੀ ਉਸਾਰੀ ਲਈ ਬਣਾਏ ਗਏ ਇਸ ਟਰੱਸਟ ਦੇ ਸਾਰੇ ਮੈਂਬਰਾਂ ਦਾ ਹਿੰਦੂ ਹੋਣਾ ਲਾਜ਼ਮੀ ਕੀਤਾ ਗਿਆ ਹੈ ਅਤੇ ਇਹ ਸ਼ਰਤ ਉੱਤਰ ਪ੍ਰਦੇਸ਼ ਅਤੇ ਕੇਂਦਰ ਦੀ ਸਰਕਾਰ ਵੱਲੋਂ ਨਾਮਜ਼ਦ ਕੀਤੇ ਦੋ ਮੈਂਬਰਾਂ ਅਤੇ ਅਯੁੱਧਿਆ ਦੇ ਜ਼ਿਲ੍ਹਾ ਅਧਿਕਾਰੀ ਦੇ ਆਰਨੇਰੀ ਮੈਂਬਰ ਹੋਣ ਉੱਤੇ ਵੀ ਲਾਗੂ ਕੀਤੀ ਜਾਵੇਗੀ। ਕੇਂਦਰ ਸਰਕਾਰ ਵੱਲੋਂ ਜਿਹੜਾ ਮੈਂਬਰ ਟਰੱਸਟ ਵਿਚ ਨਿਯੁਕਤ ਕੀਤਾ ਜਾਵੇਗਾ, ਉਹ ਆਈ ਏ ਐੱਸ ਅਧਿਕਾਰੀ ਹੋਵੇਗਾ ਤੇ ਜਾਇੰਟ ਸੈਕਟਰੀ ਦੇ ਅਹੁਦੇ ਤੋਂ ਹੇਠਾਂ ਦੇ ਪੱਧਰ ਦਾ ਨਹੀਂ ਹੋਵੇਗਾ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਸਰਕਾਰ ਇਕ ਆਈ ਏ ਐੱਸ ਅਧਿਕਾਰੀ ਨੂੰ ਇਸ ਟਰੱਸਟ ਦੇ ਲਈ ਨਿਯੁਕਤ ਕਰੇਗੀ, ਜਿਹੜਾ ਇਸ ਰਾਜ ਦੇ ਸੈਕਟਰੀ ਪੱਧਰ ਦੇ ਹੇਠਾਂ ਦਾ ਨਹੀਂ ਹੋਵੇਗਾ। ਇਹ ਵੀ ਦਰਜ ਕੀਤਾ ਹੈ ਕਿ ਅਯੁੱਧਿਆ ਦਾ ਜ਼ਿਲ੍ਹਾ ਮੈਜਿਸਟ੍ਰੇਟ ਹਿੰਦੂ ਨਾ ਹੋਵੇ ਤਾਂ ਉਥੋਂ ਐਡੀਸ਼ਨਲ ਮੈਜਿਸਟਰੇਟ ਨੂੰ ਟਰੱਸਟ ਵਿਚ ਲਿਆ ਜਾਵੇਗਾ। ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਨਿਰਮੋਹੀ ਅਖਾੜੇ ਦੇ ਪ੍ਰਤੀਨਿਧ ਵਜੋਂ ਮਹੰਤ ਦੀਨੇਂਦਰ ਦਾਸ ਨੂੰ ਵੀ ਟਰੱਸਟ ਵਿਚ ਸ਼ਾਮਲ ਕੀਤਾ ਹੈ।

ਇਸ ਸੰਬੰਧ ਵਿੱਚ ਵਕੀਲ ਕੇ. ਪਰਾਸ-ਰਨ ਪਹਿਲਾਂ ਹੀ ਟਰੱਸਟ ਵਿਚ ਸ਼ਾਮਲ ਹੋਣ ਲਈ ਸਹਿਮਤੀ ਦੇ ਚੁੱਕੇ ਹਨ। ਬਾਕੀ ਮੈਂਬਰਾਂ ਵੱਲੋਂ ਸਹਿਮਤੀ ਆਉਣੀ ਅਜੇ ਬਾਕੀ ਹੈ, ਜਿਸ ਦੇ ਲਈ ਉਨ੍ਹਾਂ ਨੂੰ ਪੰਦਰਾਂ ਦਿਨ ਦਾ ਸਮਾਂ ਦਿੱਤਾ ਗਿਆ ਹੈ। ਟਰੱਸਟ ਦੇ ਦੋ ਮੈਂਬਰਾਂ ਦੀ ਚੋਣ ਦਾ ਅਧਿਕਾਰ ਇਸ ਟਰੱਸਟ ਦੇ ਮੌਜੂਦਾ ਮੈਂਬਰਾਂ ਨੂੰ ਹੋਵੇਗਾ, ਜਿਹੜੇ ਵੋਟਾਂ ਨਾਲ ਬਹੁਮਤ ਦੇ ਆਧਾਰ ਉੱਤੇ ਇਨ੍ਹਾਂ ਦੀ ਚੋਣ ਕਰਨਗੇ, ਪਰ ਇਸ ਚੋਣ ਵਿਚ ਸਰਕਾਰ ਦੇ ਨਾਮਜ਼ਦ ਕੀਤੇ ਆਈ ਏ ਐੱਸ ਅਧਿਕਾਰੀ ਜਾਂ ਅਯੁੱਧਿਆ ਵਿਚਲੇ ਜ਼ਿਲ੍ਹਾ ਮੈਜਿਸਟਰੇਟ ਵਜੋਂ ਆਨਰੇਰੀ ਮੈਂਬਰ ਹਿੱਸਾ ਨਹੀਂ ਲੈ ਸਕਣਗੇ। ਇਸ ਦਾ 15ਵਾਂ ਮੈਂਬਰ ਵੀ ਆਨਰੇਰੀ ਹੋਵੇਗਾ, ਜਿਹੜਾ ਇਸ ਟਰੱਸਟ ਵੱਲੋਂ ਰਾਮ ਮੰਦਰ ਕੰਪਲੈਕਸ ਦੇ ਵਿਕਾਸ ਤੇ ਪ੍ਰਸ਼ਾਸਨਿਕ ਦੇਖਣ ਵਾਲੀ ਕਮੇਟੀ ਦਾ ਮੁਖੀ ਹੋਵੇਗਾ। ਇਸ ਦੀ ਚੋਣ ਵੀ ਟਰੱਸਟ ਦੇ ਮੈਂਬਰ ਕਰਨਗੇ।

ਇਸ ਟਰੱਸਟ ਦੇ ਮੈਂਬਰ ਵਜੋਂ ਜਗਤਗੁਰੂ ਸ਼ੰਕਰਾਚਾਰੀਆ ਵਾਸੁਦੇਵਾਨੰਦ ਸਰਸਵਤੀ, ਪ੍ਰਯਾਗਰਾਜ, ਜਗਤਗੁਰੂ ਮਾਧਵਾਚਾਰੀਆ ਸਵਾਮੀ ਵਿਸ਼ਵ ਪ੍ਰਸੰਨਤੀਰਥ, ਪੇਜਾਵਰ ਮੱਠ ਉਡੁਪੀ, ਸਵਾਮੀ ਗੋਵਿੰਦਦੇਵ ਗਿਰੀ, ਪੁਣੇ, ਵਿਮਲੇਂਦਰ ਮੋਹਨ ਪ੍ਰਤਾਪ ਮਿਸ਼ਰਾ ਅਯੁੱਧਿਆ, ਐਡਵੋਕੇਟ ਕੇ. ਪਰਾਸ਼ਰਣ, ਕਾਮੇਸ਼ਵਰ ਚੌਪਾਲ, ਮਹੰਤ ਧੀਰੇਂਦਰ ਦਾਸ ਨਿਰਮੋਹੀ ਅਖਾੜਾ (ਅਯੁੱਧਿਆ) ਨੂੰ ਸ਼ਾਮਲ ਕੀਤਾ ਗਿਆ ਹੈ।

# ਸ਼ਾਹੀਨ ਬਾਗ ਵਿੱਚ ਗੋਲੀਆਂ ਚਲਾਉਣ ਵਾਲਾ ਨੌਜਵਾਨ ਨਾ ਭਾਜਪਾ ਦਾ ਮੈਂਬਰ, ਨਾ ਆਪ ਦਾ

*** ਦੋਸ਼ੀ ਕਪਿਲ ਗੁਰਜਰ ਦੇ ਪਰਿਵਾਰ ਵੱਲੋਂ ਸਪਸ਼ਟੀਕਰਨ**



ਨਵੀਂ ਦਿੱਲੀ, 5 ਫਰਵਰੀ, (ਪੋਸਟ ਬਿਊਰੋ)- ਦਿੱਲੀ ਦੇ ਸ਼ਾਹੀਨ ਬਾਗ ਵਿੱਚ ਗੋਲੀ ਚਲਾਉਣ ਵਾਲੇ ਕਪਿਲ ਗੁਰਜਰ ਬਾਰੇ ਰਾਜਸੀ ਪੱਖ ਤੋਂ ਦੁਵੱਲੀ ਦੂਸ਼ਣਬਾਜ਼ੀ ਛਿੜ ਗਈ ਹੈ ਕਿ ਉਹ ਕਿਹੜੀ ਪਾਰਟੀ ਦਾ ਬੰਦਾ ਹੈ। ਪਿਛਲੇ ਹਫਤੇ ਸ਼ਾਹੀਨ ਬਾਗ ਵਿੱਚ ਰੋਸ ਪ੍ਰਦਰਸ਼ਨ ਵਾਲੇ ਸਥਾਨ ਉੱਤੇ ਗੋਲੀਆਂ ਚਲਾਉਣ ਵਾਲੇ ਨੌਜਵਾਨ ਨੂੰ ਪਹਿਲਾਂ ਦਿੱਲੀ ਪੁਲਸ ਨੇ ਆਮ ਆਦਮੀ ਪਾਰਟੀ ਨਾਲ ਜੁੜਿਆ ਦੱਸਿਆ ਸੀ। ਇਸ ਪਿੱਛੋਂ ਭਾਜਪਾ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉੱਤੇ ਦੇਸ਼ ਦੀ ਸੁਰੱਖਿਆ ਨਾਲ ਖੇਡਣ ਦਾ ਦੋਸ਼ ਲਾਇਆ ਸੀ, ਪਰ ਆਮ ਆਦਮੀ ਪਾਰਟੀ ਨੇ ਉਸ ਉੱਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਪੁਲਸ ਦੇ ਅਧਿਕਾਰੀ ਤੋਂ ਬਿਆਨ ਦਿਵਾ ਕੇ ਭਗਵਾ ਪਾਰਟੀ ਗੰਦੀ ਰਾਜਨੀਤੀ ਕਰ ਰਹੀ ਹੈ।

ਅਸਲ ਵਿੱਚ ਦਿੱਲੀ ਦੇ ਪੁਲਸ ਕਮਿਸ਼ਨਰ ਰਾਜੇਸ਼ ਦੇਵ ਨੇ ਕਿਹਾ ਸੀ ਕਿ ਕਪਿਲ ਗੁਰਜਰ ਤੇ ਉਸ ਦਾ ਬਾਪ ਸਾਲ 2019 ਦੇ ਸ਼ੁਰੂ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ। ਕਪਿਲ ਦੇ ਚਾਚਾ ਫਤਿਹ ਸਿੰਘ ਨੇ ਕਿਹਾ ਕਿ ਮੈਨੂੰ ਪਤਾ ਨਹੀਂ ਕਿ ਇਹ ਫੋਟੋ ਕਿਥੋਂ ਆਈ ਹੈ, ਮੇਰੇ ਭਤੀਜੇ ਕਪਿਲ ਦਾ ਕਿਸੇ ਰਾਜਸੀ ਪਾਰਟੀ ਨਾਲ ਕੋਈ ਸਬੰਧ ਹੀ ਨਹੀਂ ਰਿਹਾ। ਫਤਹਿ ਸਿੰਘ ਨੇ ਕਿਹਾ ਕਿ ਕਪਿਲ ਦਾ ਆਮ ਆਦਮੀ ਪਾਰਟੀ ਜਾਂ ਕਿਸੇ ਵੀ ਹੋਰ ਸਿਆਸੀ ਦਲ ਨਾਲ ਸੰਬੰਧ ਵਾਲਾ ਕੋਈ ਦੋਸਤ ਵੀ ਨਹੀਂ ਹੈ। ਪੁਲਸ ਅਧਿਕਾਰੀ ਨੇ ਕਿਹਾ ਕਿ ਕਪਿਲ ਦੇ ਪਿਤਾ ਗਜੇ ਸਿੰਘ ਨੇ ਬਹੁਜਨ ਸਮਾਜ ਪਾਰਟੀ ਦੇ ਟਿਕਟ ਉੱਤੇ 2012 ਵਿੱਚ ਨਗਰ ਨਿਗਮ ਦੀ ਚੋਣ ਲੜੀ ਸੀ। ਪਤਾ ਲੱਗਾ ਹੈ ਕਿ ਪੁਲਸ ਨੇ ਦੋਸ਼ੀ ਮੋਬਾਈਲ ਫੋਨ ਜ਼ਬਤ ਕਰ ਲਿਆ ਹੈ ਅਤੇ ਇਸ ਦਾ ਵਟਸਐਪ ਡਾਟਾ ਕੱਢ ਲਿਆ ਹੈ।

# ਪਾਕਿਸਤਾਨ ਨੇ ਫਿਰ ਭਾਰਤ-ਵਿਰੋਧੀ 'ਕਸ਼ਮੀਰ ਏਕਤਾ ਦਿਵਸ' ਮਨਾਇਆ

*** ਅਫ਼ਗਾਨਿਸਤਾਨ ਨੇ ਕਾਬਲ ਵਿੱਚ ਸਮਾਗਮ ਰੋਕ ਦਿੱਤਾ**

ਇਸਲਾਮਾਬਾਦ, 5 ਫਰਵਰੀ, (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਦੀ ਅਗਵਾਈ ਹੇਠ ਅੱਜ ਬੁੱਧਵਾਰ ਨੂੰ ਇੱਕ ਵਾਰ ਫਿਰ 'ਕਸ਼ਮੀਰ ਏਕਤਾ ਦਿਵਸ' ਮਨਾ ਕੇ ਭਾਰਤ ਦਾ ਵਿਰੋਧ ਕੀਤਾ ਗਿਆ। ਇਸ ਵਿਚ ਵੱਡੇ ਆਗੂਆਂ ਨੇ ਕਸ਼ਮੀਰੀ ਲੋਕਾਂ ਨੂੰ ਉਨ੍ਹਾਂ ਦੇ ਮੁੱਦਿਆਂ ਦਾ ਸਹੀ ਅਤੇ ਸ਼ਾਂਤੀਪੂਰਨ ਹੱਲ ਲੱਭਣ ਲਈ ਆਪਣਾ ਸਮਰਥਨ ਦੇਣ ਦੀ ਗੱਲ ਕਹੀ।

ਵਰਨਣ ਯੋਗ ਹੈ ਕਿ ਪਾਕਿਸਤਾਨ ਵੱਲੋਂ ਹਰ ਸਾਲ 5 ਫਰਵਰੀ ਨੂੰ 'ਕਸ਼ਮੀਰ ਏਕਤਾ ਦਿਵਸ' ਮਨਾਇਆ ਜਾਂਦਾ ਹੈ। ਇਸ ਵਾਰੀ ਰਾਸ਼ਟਰਪਤੀ ਆਰਿਫ ਅਲਵੀ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਧਾਰਾ 370 ਰੱਦ ਕਰ ਕੇ ਭਾਰਤ ਨੇ ਯੂ ਐੱਨ ਸਕਿਓਰਿਟੀ ਕੌਂਸਲ ਦੇ ਮਤਿਆਂ ਦੀ ਉਲੰਘਣਾ ਕੀਤੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਭਾਰਤ ਨੇ 9 ਲ਼ੱਖ ਤੋਂ ਵੱਧ ਫੌਜੀ ਤਾਇਨਾਤੀ ਕਰ ਕੇ 80 ਲੱਖ ਕਸ਼ਮੀਰੀ ਲੋਕਾਂ ਨੂੰ ਆਪਣੇ ਹੀ ਰਾਜ ਵਿਚ ਕੈਦੀ ਬਣਾ ਦਿੱਤਾ ਹੈ। ਉਨ੍ਹਾਂ ਕਿਹਾ, 'ਇੰਨੇ ਲੰਬੇ ਸਮੇਂ ਤੋਂ ਲੱਗੀਆਂ ਇਨ੍ਹਾਂ ਪਾਬੰਦੀਆਂ ਨੇ ਭਾਰਤ ਦੇ ਲੋਕਤੰਤਰ ਤੇ ਬੁਨਿਆਦੀ ਮਨੁੱਖੀ ਮਾਪਦੰਡਾਂ ਲਈ ਇਸ ਦੇ ਸਨਮਾਨ ਦੀ



ਸੱਚਾਈ ਪੂਰੀ ਤਰ੍ਹਾਂ ਜ਼ਾਹਰ ਕਰ ਦਿੱਤੀ ਹੈ।' ਖਾਨ ਨੇ ਕਿਹਾ ਕਿ ਪਾਕਿਸਤਾਨ ਇਨ੍ਹਾਂ ਪਾਬੰਦੀਆਂ ਤੇ ਸੰਚਾਰ ਮਾਧਿਅਮਾਂ ਉੱਤੇ ਪਾਬੰਦੀਆਂ ਨੂੰ ਤੁਰੰਤ ਹਟਾਉਣ ਦੀ ਮੰਗ ਕਰਦਾ ਹੈ।

ਭਾਰਤ ਨੇ ਸੰਸਾਰ ਭਾਈਚਾਰੇ ਨੂੰ ਸਪੱਸ਼ਟ ਕਿਹਾ ਹੈ ਕਿ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਰੱਦ ਕਰਨਾ ਉਸ ਦਾ ਅੰਦਰੂਨੀ ਮਾਮਲਾ ਹੈ ਤੇ ਉਸ ਨੇ ਪਾਕਿਸਤਾਨ ਨੂੰ ਹਕੀਕਤ ਸਵੀਕਾਰ ਕਰਨ ਦੀ ਰਾਏ ਦਿੱਤੀ ਹੈ।

ਇਸ ਦੌਰਾਨ ਅੱਜ ਅਫ਼ਗਾਨਿਸਤਾਨ ਦੀ ਸਰਕਾਰ ਨੇ ਆਪਣੀ ਰਾਜਧਾਨੀ ਕਾਬੁਲ ਦੇ ਇਕ ਲਗਜ਼ਰੀ ਹੋਟਲ ਵਿੱਚ ਭਾਰਤ ਵਿਰੋਧੀ ਪ੍ਰੋਗਰਾਮ ਨਹੀਂ ਹੋਣ ਦਿੱਤਾ। ਇਹ ਪ੍ਰੋਗਰਾਮ ਕਾਬੁਲ ਵਿਚਲੀ ਪਾਕਿਸਤਾਨੀ ਅੰਬੈਸੀ ਕਰਵਾਉਣ ਲੱਗੀ ਸੀ ਅਤੇ ਇਹ ਪਾਕਿਸਤਾਨ ਦੇ ਕਸ਼ਮੀਰ ਇਕਜੁੱਟਤਾ ਦਿਵਸ ਬਾਰੇ ਹੋਣਾ ਸੀ। ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਉੱਤੇ ਰੋਕ ਲਾ ਕੇ ਮਿਲੀ ਹੋਈ ਇਜਾਜ਼ਤ ਰੱਦ ਕਰ ਦਿੱਤੀ। ਇਸ ਪਿੱਛੋਂ ਹੋਟਲ ਮੈਨੇਜਮੈਂਟ ਨੇ ਇਸ ਦੀ ਬੁਕਿੰਗ ਰੱਦ ਕਰ ਦਿੱਤੀ। ਅਫ਼ਗਾਨ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਇਹ ਦੋ ਦੇਸ਼ਾਂ ਦੀ ਮਿੱਤਰਤਾ ਨਾਲ ਜੁੜਿਆ ਮਾਮਲਾ ਹੈ। ਆਸ ਕੀਤੀ ਜਾਂਦੀ ਹੈ ਕਿ ਪਾਕਿਸਤਾਨੀ ਅੰਬੈਸੀ ਇਸ ਵਿੱਚ ਸਹਿਯੋਗ ਕਰੇਗੀ।

ਇਹ ਵੀ ਸਬੱਬ ਦੀ ਗੱਲ ਹੈ ਕਿ ਅੱਜ ਬੁੱਧਵਾਰ ਨੂੰ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਕਾਬੁਲ ਵਿਚਲੀ ਪਾਕਿਸਤਾਨੀ ਅੰਬੈਸੀ ਦੇ ਸਾਹਮਣੇ ਮੁਜ਼ਾਹਰਾ ਕਰ ਕੇ ਪਖਤੂਨ ਨੇਤਾ ਮਨਜ਼ੂਰ ਪਸ਼ਤੀਨ ਦੀ ਰਿਹਾਈ ਦੀ ਮੰਗ ਕੀਤੀ। ਉਸ ਨੂੰ ਬੀਤੇ ਹਫ਼ਤੇ ਪਾਕਿਸਤਾਨੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਮੁਜ਼ਾਹਰਾਕਾਰੀ ਲੋਕ ਪਾਕਿਸਤਾਨ ਹਾਏ-ਹਾਏ ਦੇ ਨਾਅਰੇ ਲਾ ਰਹੇ ਸਨ ਤੇ ਪਸ਼ਤੂਨਿਸਤਾਨ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਉੱਤੇ ਵਿਰੋਧ ਪ੍ਰਗਟਾਅ ਰਹੇ ਸਨ।

# ਕਨ੍ਹਈਆ ਕੁਮਾਰ ਬਿਹਾਰ ਵਿੱਚ ਹੋਏ ਹਮਲੇ ਵਿੱਚ ਜ਼ਖਮੀ

*** ਭੀੜ ਵੱਲੋਂ ਗੱਡੀਆਂ ਉੱਤੇ ਪੱਥਰਬਾਜ਼ੀ ਕੀਤੀ ਗਈ**

ਸੁਪੌਲ, ਬਿਹਾਰ, 5 ਫਰਵਰੀ, (ਪੋਸਟ ਬਿਊਰੋ)- ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਨੇਤਾ ਕਨ੍ਹਈਆ ਕੁਮਾਰ ਦੇ ਕਾਫਲੇ ਉੱਤੇ ਬਿਹਾਰ ਵਿੱਚ ਬੁੱਧਵਾਰ ਦੀ ਸ਼ਾਮ ਨੂੰ ਹਮਲਾ ਹੋਇਆ ਹੈ, ਜਿਸ ਵਿੱਚ ਕਨ੍ਹਈਆ ਕੁਮਾਰ ਜ਼ਖਮੀ ਹੋ ਗਏ ਹਨ।



ਪਤਾ ਲੱਗਾ ਹੈ ਕਿ ਕਨ੍ਹਈਆ ਕੁਮਾਰ ਭਾਰਤ ਸਰਕਾਰ ਦੇ ਨਵੇਂ ਬਣਾਏ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਬਿਹਾਰ ਵਿੱਚ ਕਈ ਥਾਵਾਂ ਉੱਤੇ ਅੱਜ ਕਲ੍ਹ ਜਲਸੇ ਕਰ ਰਹੇ ਹਨ। ਅੱਜ ਬੁੱਧਵਾਰ ਉਹ ਝੰਝਾਰਪੁਰ ਤੋਂ ਬਾਅਦ ਸੁਪੌਲ ਪਹੁੰਚੇ ਸਨ। ਸੁਪੌਲ ਵਿੱਚ ਰੈਲੀ ਨੂੰ ਸੰਬੋਧਿਤ ਕਰਨ ਤੋਂ ਬਾਅਦ ਜਦੋਂ ਕਨ੍ਹਈਆ ਕੁਮਾਰ ਸਹਰਸਾ ਵੱਲ ਜਾ ਰਹੇ ਸਨ ਤਾਂ ਇਸੇ ਦੌਰਾਨ ਭੀੜ ਨੇ ਉਨ੍ਹਾਂ ਦੇ ਕਾਫਿਲੇ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਅਤੇ ਪੱਥਰਬਾਜੀ ਵਿੱਚ ਕਈ ਵਾਹਨ ਨੁਕਸਾਨੇ ਗਏ। ਮਿਲੀਆਂ ਖਬਰਾਂ ਮੁਤਾਬਕ ਕਨ੍ਹਈਆ ਕੁਮਾਰ ਇਸ ਹਮਲੇ ਵਿੱਚ ਜਖਮੀ ਹੋਏ ਹਨ, ਪਰ ਸੁਰੱਖਿਅਤ ਹਨ ਤੇ ਕੁਝ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਪੁਲਸ ਨੇ ਇਸ ਕੇਸ ਵਿੱਚ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਤੋਂ ਪਹਿਲਾਂ ਅੱਜ ਜਦੋਂ ਕਨ੍ਹਈਆ ਕੁਮਾਰ ਝੰਝਾਰਪੁਰ ਪਹੁੰਚੇ ਤਾਂ ਭੀੜ ਨੇ ਉਨ੍ਹਾਂ ਨੂੰ ਕਾਲੇ ਝੰਡੇ ਦਿਖਾਏ ਸਨ। ਬੀਤੇ ਸ਼ਨੀਵਾਰ ਵੀ ਬਿਹਾਰ ਵਿੱਚ ਕਨ੍ਹਈਆ ਕੁਮਾਰ ਦੇ ਕਫਿਲੇ ਨੂੰ ਨਿਸ਼ਾਨਾ ਬਣਾਇਆ ਜਾ ਚੁੱਕਾ ਸੀ।

# 1200 ਕਰੋੜ ਦੇ ਫਰਜ਼ੀ ਬਿਲ ਵਰਤਣ ਵਾਲਾ ਗ੍ਰਿਫਤਾਰ

ਨਵੀਂ ਦਿੱਲੀ, 5 ਫਰਵਰੀ (ਪੋਸਟ ਬਿਊਰੋ)- ਦਿੱਲੀ ਵਿੱਚ ਜੀ ਐੱਸ ਟੀ ਅਧਿਕਾਰੀਆਂ ਨੇ ਕਿਹਾ ਹੈ ਕਿ ਟੈਕਸ ਲਾਭ ਲੈਣ ਲਈ 1200 ਕਰੋੜ ਰੁਪਏ ਤੋਂ ਵੱਧ ਕੀਮਤ ਦੇ ਫਰਜ਼ੀ ਬਿੱਲ ਵਰਤਣ ਵਾਲੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੱਛਮੀ ਦਿੱਲੀ ਕਮਿਸ਼ਨਰ ਦਫਤਰ ਦੇ ਕੱਲ੍ਹ ਦੇ ਬਿਆਨ ਦੇ ਅਨੁਸਾਰ ਗ੍ਰਿਫਤਾਰ ਦਇਆ ਸ਼ੰਕਰ ਕੁਸ਼ਵਾਹਾ ਨੇ ਸਰਕਾਰ ਦੇ ਨਾਲ ਧੋਖਾਧੜੀ ਦੇ ਲਈ 49 ਮੁਖੌਟਾ ਕੰਪਨੀਆਂ ਦੇ ਨੈਟਵਰਕ ਦੀ ਵਰਤੋਂ ਕੀਤੀ ਸੀ।

ਵਿਭਾਗ ਦੇ ਬਿਆਨ ਅਨੁਸਾਰ ਕੇਂਦਰੀ ਟੈਕਸ ਨਾਲ ਜੁੜੀ ਟੈਕਸ ਚੋਰੀ ਰੋਕੂ ਯੂਨਿਟ ਪੱਛਮੀ ਦਿੱਲੀ ਕਮਿਸ਼ਨਰ ਦਫਤਰ ਦੇ ਅਧਿਕਾਰੀਆਂ ਨੇ 124 ਕਰੋੜ ਰੁਪਏ ਦੇ ਇਨਪੁਟ ਟੈਕਸ ਕਰੈਡਿਟ (ਆਈ ਟੀ ਸੀ) ਨਾਲ ਜੁੜੇ 1200 ਕਰੋੜ ਦੇ ਫਰਜ਼ੀ ਬਿੱਲ ਕੱਟਣ ਵਾਲੇ ਗਿਰੋਹ ਦਾ ਪਰਦਾ ਫਾਸ਼ ਕੀਤਾ ਹੈ। ਇਸ ਗੋਰਖਧੰਦੇ ਵਿੱਚ ਵਸਤੂਆਂ ਦੀ ਖਰੀਦ ਦੇ ਫਰਜ਼ੀ ਬਿੱਲ ਕੱਟੇ ਗਏ ਤਾਂ ਕਿ ਉਹ ਉਸ ਦੇ ਆਧਾਰ ਇਨ-ਪੁਟ ਟੈਕਸ ਕਰੈਡਿਟ ਦਾ ਦਾਅਵਾ ਕਰ ਸਕਣ, ਜਦ ਕਿ ਉਨ੍ਹਾਂ ਨੇ ਅਸਲ ਵਿੱਚ ਇੱਕ ਨਗ ਵੀ ਮਾਲ ਪ੍ਰਾਪਤ ਨਹੀਂ ਕੀਤਾ ਸੀ।









## ਓ.ਬੀ.ਸੀ. ਸਮਾਜ ਸੰਗਠਨ ਦੀ ਵਿਸ਼ੇਸ਼ ਮੀਟਿੰਗ

# ਪੰਜਾਬ ਸਰਕਾਰ ਪੱਛੜੀਆਂ ਸ਼੍ਰੇਣੀਆਂ ਲਈ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾ ਲਾਗੂ ਕਰੇ



ਮੋਗਾ, 5 ਫਰਵਰੀ (ਗਿਆਨ ਸਿੰਘ): ਓ.ਬੀ.ਸੀ. ਸਮਾਜ ਸੰਗਠਨ ਦੀ ਵਿਸ਼ੇਸ ਮੀਟਿੰਗ ਨਾਮਦੇਵ ਭਵਨ ਵਿਖੇ ਕਨਵੀਨਰ ਸ ਗੁਰਪ੍ਰੀਤਮ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਮੱਤਾ ਪਾਸ ਕਰਕੇ ਕੇਂਦਰ/ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਪੱਛੜੀਆਂ ਜਾਤੀਆਂ ਦੇ ਸੰਵਿਧਾਨਕ ਅਧਿਕਾਰਾਂ ਅਨੁਸਾਰ ਬਣਦਾ ਰਾਖਵਾਂਕਰਨ ਨਹੀਂ ਮਿਲ ਰਿਹਾ। ਇਸਦਾ ਮੁੱਖ ਕਾਰਨ ਪੱਛੜੀਆਂ ਜਾਤੀਆਂ ਦੀ ਵੱਖਰੀ ਗਿਣਤੀ ਨਾ ਹੋਣਾ ਹੈ। ਓ.ਬੀ.ਸੀ. ਸਮਾਜ ਸੰਗਠਨ ਕੇਂਦਰ/ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਮਰਦਮਸ਼ੁਮਾਰੀ 2021 ਦੌਰਾਨ ਪੱਛੜੀਆਂ ਸ਼੍ਰੇਣੀਆਂ ਦੀ ਵੱਖਰੀ ਗਿਣਤੀ ਕਰਨ ਸਬੰਧੀ ਪ੍ਰਫਾਰਮਿਆਂ ਵਿਚ ਵੱਖਰਾ ਕਾਲਮ ਬਣਾਇਆ ਜਾਵੇ। ਇਸ ਵੇਲੇ ਪੱਛੜੀਆਂ ਸ਼੍ਰੇਣੀਆਂ ਦੀ ਗਿਣਤੀ 50 ਪ੍ਰਤੀਸ਼ਤ ਤੋਂ ਵਧੇਰੇ ਹੈ ਪਰ ਰਾਜਨੀਤਕ ਤੇ ਪ੍ਰਸ਼ਾਸਨਿਕ ਸਮੂਲੀਅਤ ਨਿਗੂਣੀ ਜੇਹੀ ਹੈ। ਕੇਂਦਰ/ਪੰਜਾਬ ਸਰਕਾਰਾਂ ਨੇ ਲੋਕ ਪ੍ਰਤੀਨਿੱਧਤਾ ਐਕਟ ਅਨੁਸਾਰ ਕਦੇ ਵੀ ਇਨ੍ਹਾਂ ਪੱਛੜੀਆਂ ਸ਼੍ਰੇਣੀਆਂ ਦੇ ਹਿਤਾਂ ਵਲ ਧਿਆਨ ਨਹੀਂ ਦਿੱਤਾ।

ਓ.ਬੀ.ਸੀ. ਸਮਾਜ ਸੰਗਠਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੱਛੜੀਆਂ ਸ਼੍ਰੇਣੀਆਂ ਲਈ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾ ਲਾਗੂ ਕਰਕੇ ਹਰ ਪੱਧਰ ਤੇ ਨਿਯਮਾਂ ਅਨੁਸਾਰ ਬਣਦਾ ਰਾਖਵਾਂਕਰਨ ਲਾਗੂ ਕੀਤਾ ਜਾਵੇ। ਮੀਟਿੰਗ ਦੌਰਾਨ ਵਿਚਾਰ ਚਰਚਾ ਵਿਚ ਅਸ਼ੋਕ ਵਰਮਾ ਇੰਨਚਾਰਜ ਬਾਮਸੇਫ ਪੰਜਾਬ, ਗੁਰਪ੍ਰੀਤਮ ਸਿੰਘ ਚੀਮਾ, ਚਰਨਜੀਤ ਸਿੰਘ ਝੰਡੇਆਣਾ, ਐਡਵੋਕੇਟ ਅਜੀਤ ਵਰਮਾ, ਸੁਖਵਿੰਦਰ ਸਿੰਘ ਆਜ਼ਾਦ, ਜਤਿੰਦਰ ਸਿੰਘ ਮੌੜ, ਦਰਸ਼ਨ ਸਿੰਘ ਡਗਰੂ, ਵਿਕਰਮਜੀਤ ਸਿੰਘ ਘਾਤੀ, ਨਿਰਮਲ ਸਿੰਘ ਮੀਨੀਆ, ਅਮਰਜੀਤ ਸਿੰਘ ਭਰੀ, ਗਿਆਨ ਸਿੰਘ, ਕੁਲਦੀਪ ਸਿੰਘ ਦਾਤੇਵਾਲਾ, ਹਰਵਿੰਦਰ ਸਿੰਘ ਮੰਘੇੜਾ, ਕੁਲਦੀਪ ਸਿੰਘ ਬੱਸੀਆਂ ਨੇ ਬੋਲਦਿਆ ਕਿਹਾ ਕਿ ਪੱਛੜੀਆਂ ਸ਼੍ਰੇਣੀਆਂ ਨੂੰ ਸਰਕਾਰਾਂ ਵਲੋਂ ਨਜ਼ਰਅੰਦਾਜ ਕੀਤਾ ਜਾ ਰਿਹਾ ਹੈ ਅਤੇ ਚੋਣਾਂ ਦੌਰਾਨ ਝੂਠੇ ਵਾਅਦੇ ਕਰਕੇ ਰਾਜਸੱਤਾ ਹਾਸਲ ਕਰਨ ਉਪਰੰਤ ਵਾਅਦੇ ਵਫਾ ਨਹੀਂ ਹੁੰਦੇ। ਬੁਲਾਰਿਆਂ ਨੇ ਕਿਹਾ ਕਿ ਸਿਆਸੀ ਪਾਰਟੀਆਂ ਦੇ ਪੱਧਰ ਤੋਂ ਉਪਰ ਉਠਕੇ ਪੱਛੜੇ ਸਮਾਜ ਦੇ ਬਣਦੇ ਹੱਕਾਂ ਲਈ ਮੁਹਿੰਮ ਵਿੱਢੀ ਜਾਵੇ। ਮੀਟਿੰਗ ਵਿਚ ਅੰਗਾਮੀ ਨਗਰ ਨਿਗਮਾਂ/ਨਗਰ ਕੌਂਸ਼ਿਲਾਂ ਦੀਆਂ ਹੋਣ ਵਾਲੀਆਂ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਮੱਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਚੋਣਾਂ ਵਿਚ ਓ.ਬੀ.ਸੀ. ਸਮਾਜ ਲਈ ਬਣਦਾ ਰਾਖਵਾਂਕਰਨ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਹੁਣ ਓ.ਬੀ.ਸੀ.ਸਮਾਜ ਜਾਗਰੂਕ ਹੋ ਕੇ ਸੰਗਠਿਤ ਹੋ ਰਿਹਾ ਅਤੇ ਆਪਣੇ ਹੱਕਾਂ ਲਈ ਸੰਗਰਸ਼ ਕਰਨ ਤੋਂ ਪਿਛੇ ਨਹੀਂ ਹਟੇਗਾ। ਉਨ੍ਹਾਂ ਕਿਹਾ ਕਿ ਮੌਕੇ ਦੀਆਂ ਸਰਕਾਰਾਂ ਨੇ ਓ.ਬੀ.ਸੀ. ਸਮਾਜ ਨੂੰ ਸਿਰਫ ਆਪਣਾ ਵੋਟ ਬੈਂਕ ਸਮਝਿਆ ਹੈ। ਰਾਜਭਾਗ ਸੰਭਾਲਣ ਉਪਰੰਤ ਸਰਕਾਰਾਂ ਇਸ ਸਮਾਜ ਨੂੰ ਹੱਕ ਦੇਣ ਤੋਂ ਪਾਸਾ ਵੱਟਦੀਆਂ ਹਨ। ਇਸ ਮੀਟਿੰਗ ਵਿਚ ਗੁਰਜੰਟ ਸਿੰਘ ਪੱਤਰਕਾਰ, ਗੁਰਚਰਨ ਸਿੰਘ, ਹਰਜਿੰਦਰ ਸਿੰਘ ਪੁਰਾਣੇਵਾਲਾ, ਸਤਿਆਵੀਰ ਸਿੰਘ ਨੈਸਲੇ, ਗੁਰਮੇਲ ਸਿੰਘ, ਸੁਖਮੰਦਰ ਸਿੰਘ ਬਿੱਟੂ, ਵਰਿੰਦਰ ਸਿੰਘ ਆਜ਼ਾਦ, ਧਰਮਿੰਦਰ ਸਿੰਘ, ਸੇਵਾ ਸਿੰਘ, ਓਮ ਪ੍ਰਕਾਸ਼, ਸੀਸ਼ ਰਾਮ ਯਾਦਵ, ਨਾਇਬ ਸਿੰਘ, ਮਹਿੰਦਰ ਸਿੰਘ, ਸਤਿੰਦਰ ਸਿੰਘ ਆਦਿ ਵਰਕਰ ਸਾਮਲ ਸਨ। ਪੱਛੜੀਆਂ ਸ਼੍ਰਣੀਆਂ ਦੇ ਮਸਲਿਆਂ ਤੇ ਵਿਚਾਰ ਕਰਨ ਲਈ ਅਗਲੀ ਮੀਟਿੰਗ 9 ਫਰਵਰੀ ਨੂੰ ਵਿਸ਼ਵਕਰਮਾ ਭਵਨ ਮੋਗਾ ਵਿਖੇ ਹੋਵੇਗੀ।

# ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ 9 ਫਰਵਰੀ ਨੂੰ

ਸ੍ਰੀ ਗੁਰੂ ਰਵਿਦਾਸ ਸਭਾ ਬਰੈਂਪਟਨ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ 9 ਫਰਵਰੀ 2020 ਦਿਨ ਐਤਵਾਰ ਸਵੇਰੇ 10 ਵਜੇ ਤੋ ਲੈ ਕੇ ਬਾਅਦ ਦੁਪਹਿਰ 3 ਵਜੇ ਤੱਕ Shregeri Community Center 84 Bridon Dr. Etobicocke ( Kipling & Rexale) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਅਤੇ ਰਹਿਨੁਮਾਈ ਵਿਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ । ਸਾਰਾ ਦਿਨ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਨਗੇ , ਢਾਡੀ ਜਥੇ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਵਿਚਾਰਧਾਰਾ ਤੇ ਚਾਨਣਾ ਪਾਉਣਗੇ । ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ । ਆਪ ਸਭ ਨੂੰ ਇਸ ਪਵਿੱਤਰ ਦਿਹਾੜੇ ਤੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ । ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ। ਨਿਰਮਲ ਸਿੰਘ ਸੱਲਣ 647 242 9302 ਹਰਮੇਸ਼ ਸਿੰਘ 416 830 6821 ਜਾਂ ਮੀਲਾ ਸਿੰਘ ਬਾਲੂ 647 400 8796

# ਪੰਜਾਬ ਦੇ ਸਾਰੇ ਵਿਭਾਗਾਂ ਦੇ ਫਾਲਤੂ ਮੁਲਾਜ਼ਮਾਂ ਦੀ ਛਾਂਟੀ ਹੋਣ ਦੇ ਆਸਾਰ ਬਣੇ

ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਇਸ ਰਾਜ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੀ ਥਾਂ ਰਾਜ ਦੀ ਮਾੜੀ ਵਿੱਤੀ ਹਾਲਤ ਦੇ ਬਹਾਨੇ ਨਾਲ ਸਾਰੇ ਵਿਭਾਗਾਂ 'ਚੋਂ ਫਾਲਤੂ ਮੁਲਾਜ਼ਮਾਂ ਦੀ ਛਾਂਟੀ ਕਰਨ ਵਿੱਚ ਲੱਗੀ ਹੋਈ ਸੁਣੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਖਜ਼ਾਨਾ ਵਿਭਾਗ ਅਜਿਹੇ ਮੁਲਾਜ਼ਮਾਂ ਦੀ ਹੋਰਨਾਂ ਵਿਭਾਗਾਂ ਤੋਂ ਜਾਣਕਾਰੀ ਮੰਗ ਰਿਹਾ ਹੈ, ਜਿਹੜੇ ਬਿਨਾਂ ਕੰਮ ਤੋਂ ਹਨ। ਵਰਨਣ ਯੋਗ ਹੈ ਕਿ ਇਹ ਕਾਰਵਾਈ ਵਿਭਾਗਾਂ ਦੇ ਪੁਨਰਗਠਨ ਦੀ ਪ੍ਰਕਿਰਿਆ ਹੇਠ ਕੀਤੀ ਜਾ ਰਹੀ ਹੈ। ਖੇਤੀ ਵਿਭਾਗ ਵਿੱਚ ਚਾਰ ਅਜਿਹੇ ਵਿਹਲੇ ਦੀ ਪਛਾਣ ਕੀਤੀ ਜਾ ਚੁੱਕੀ ਹੈ। ਪੰਜਾਬ ਸਕੱਤਰੇਤ ਸਮੇਤ ਹੋਰ ਵਿਭਾਗਾਂ 'ਚ ਵੀ ਮੁਲਾਜ਼ਮਾਂ ਦੇ ਕੰਮ ਦੀ ਸਮੀਖਿਆ ਚੱਲ ਰਹੀ ਹੈ। ਸਕੱਤਰੇਤ ਦੀਆਂ ਕਈ ਬ੍ਰਾਂਚਾਂ ਅਤੇ ਸੂਬਾ ਸਰਕਾਰ ਦੇ ਕਈ ਵਿਭਾਗ ਅਜਿਹੇ ਹਨ, ਜਿਨ੍ਹਾਂ ਵਿੱਚ ਲੋੜ ਤੋਂ ਕਿਸੇ ਤਾਂ ਵੱਧ ਤੇ ਲੋੜ ਤੋਂ ਘੱਟ ਸਟਾਫ ਹੈ। ਓਥੇ ਸਿਰਫ ਲੋੜ ਅਨੁਸਾਰ ਮੁਲਾਜ਼ਮ ਰੱਖੇ ਜਾਣਗੇ। ਇਸ ਪ੍ਰਕਿਰਿਆ ਵਿੱਚ ਵੱਡੀ ਗਿਣਤੀ ਵਿੱਚ ਮੁਲਾਜ਼ਮ ਇੱਕ ਦੂਜੇ ਵਿਭਾਗਾਂ ਵਿੱਚ ਵੀ ਬਦਲੇ ਜਾਣਗੇ ਅਤੇ ਕਈ ਵਿਭਾਗ ਅਜਿਹੇ ਹਨ, ਜਿਨ੍ਹਾਂ ਵਿੱਚ ਕੋਈ ਖਾਸ ਕੰਮ ਨਹੀਂ ਅਤੇ ਇਨ੍ਹਾਂ ਦੀ ਹੋਰ ਵਿਭਾਗਾਂ ਵਿੱਚ ਰਲੇਵੇਂ ਦੀ ਯੋਜਨਾ ਬਣਾਈ ਜਾ ਰਹੀ ਹੈ। ਬੇਲੋੜੀਆਂ ਆਸਾਮੀਆਂ ਖਤਮ ਕਰਨ ਦੀ ਪ੍ਰਕਿਰਿਆ ਵੀ ਵਿਚਾਰ ਅਧੀਨ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਖਿਆਲ ਹੈ ਕਿ ਵੱਖ-ਵੱਖ ਵਿਭਾਗਾਂ ਦੇ ਸਟਾਫ ਦੀ ਸਮੀਖਿਆ ਤੋਂ ਬਾਅਦ ਹੋਣ ਵਾਲੇ ਪੁਨਰਗਠਨ ਨਾਲ ਸਾਲਾਨਾ ਚਾਰ ਸੌ ਕਰੋੜ ਦੇ ਕਰੀਬ ਬੱਚਤ ਹੋ ਸਕਦੀ ਹੈ। ਇਸ ਕਰ ਕੇ ਰਾਜ ਦੀ ਮੌਜੂਦ ਵਿੱਤੀ ਹਾਲਤ ਦੇਖ ਕੇ ਇਸ ਵਿੱਤੀ ਸਾਲ ਦੌਰਾਨ ਜ਼ਿਆਦਾ ਸਰਕਾਰੀ ਨੌਕਰੀਆਂ ਨੌਜਵਾਨਾਂ ਨੂੰ ਮਿਲਣ ਦੇ ਆਸਾਰ ਕਾਫੀ ਘੱਟ ਹਨ। ਜਿਹੜੇ ਵਿਭਾਗਾਂ 'ਚ ਜ਼ਿਆਦਾ ਲੋੜ ਹੋਵੇਗੀ, ਉਥੇ ਵੀ ਆਉਣ ਵਾਲੇ ਦਿਨਾਂ 'ਚ ਆਊਟ ਸੋਰਸਿੰਗ ਪ੍ਰਣਾਲੀ ਰਾਹੀਂ ਹੀ ਸਰਕਾਰ ਭਰਤੀ ਕਰੇਗੀ।

# ਭੋਗ ਤੇ ਅੰਤਮ ਅਰਦਾਸ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਸੁਰਜੀਤ ਕੌਰ ਚਾਹਲ ਪਤਨੀ ਸ਼੍ਰੀ ਅਮਰਜੀਤ ਸਿੰਘ ਚਾਹਲ, ਪਿੰਡ ਰਾਮਗੜ੍ਹ, ਜ਼ਿਲਾ ਬਰਨਾਲਾ, ਜੋ ਕਿ ਬਰੈਪਟਨ ਵਿਖੇ ਰਹਿ ਰਹੇ ਸਨ, ਦਾ ਅੰਤਮ ਸਸਕਾਰ 8 ਫਰਵਰੀ, ਦਿਨ ਸ਼ਨੀਵਾਰ ਨੂੰ ਦੁਪਹਿਰ 2:30 ਵਜੇ ਤੋਂ 4:30 ਵਜੇ ਤੱਕ 30 Bramwin Cout, Brampton, Ontario, L6T 5G2 ਵਿਖੇ ਕੀਤਾ ਜਾ ਰਿਹਾ ਹੈ। ਉਨ੍ਹਾਂ ਨਮਿਤ ਪਾਠ ਦੇ ਭੋਗ ਸ਼ਾਮ 5:00 ਵਜੇ ਤੋਂ 7:00 ਵਜੇ ਓਂਟਾਰੀਓ ਖਾਲਸਾ ਦਰਬਾਰ ਡਿਕਸੀ ਗੁਰਦੁਆਰਾ ਸਾਹਿਬ, ਹਾਲ ਨੰਬਰ 2 ਵਿਖੇ ਪੈਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ: ਅਮਰਜੀਤ ਸਿੰਘ ਚਾਹਲ ਨਾਲ 647-741-2931 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ੋਕ ਸਮਾਚਾਰ



ਆਪ ਸਭ ਨੂੰ ਬੜੇ ਹੀ ਦੁਖੀ ਮਨ ਨਾਲ ਦੱਸ ਰਹੇ ਹਾਂ ਕੇ ਕਬੱਡੀ ਫੈਡਰੇਸ਼ਨ ਆਫ ਉਨਟਾਰੀਓ, ਮੈਟਰੋ ਪੰਜਾਬੀ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਅਤੇ ਕਬੱਡੀ ਜਗਤ ਵਿਚ ਜਾਣੀ ਪਹਿਚਾਣੀ ਸ਼ਖਸ਼ੀਅਤ ਮਲਕੀਤ ਸਿੰਘ ਦਿਓਲ ਦੇ ਸਹੁਰਾ ਸਾਹਿਬ ਸਰਦਾਰ ਮਨੋਹਰ ਸਿੰਘ ਸਿੱਧੂ ਪਿੰਡ ਹਰੀਪੁਰ (ਬਾਠ) ਜਲੰਧਰ ਬੀਤੇ ਸੋਮਵਾਰ 3 ਫਰਵਰੀ 2020 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਪਰਲੋਕ ਸੁਧਾਰ ਗਏ ਹਨ ਸਰਦਾਰ ਮਨੋਹਰ ਸਿੰਘ ਸਿੱਧੂ ਆਪਣੇ ਪਿੱਛੇ ਧਰਮ ਪਤਨੀ , 2 ਪੁੱਤਰ, 2 ਧੀਆਂ, ਪੋਤੇ ਪੋਤੀਆਂ ਦੋਤੇ ਦੋਤੀਆਂ ਛਡ ਗਏ ਹਨ ਪ੍ਰਮਾਤਮਾ ਸਰਦਾਰ ਮਨੋਹਰ ਸਿੰਘ ਸਿੱਧੂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਆਪਣੇ ਭਾਣੇ ਵਿਚ ਰੱਖਣ ਸਰਦਾਰ ਮਨੋਹਰ ਸਿੰਘ ਸਿੱਧੂ ਦੇ ਅੰਤਿਮ ਸੰਸਕਾਰ ਐਤਵਾਰ ਫਰਵਰੀ 9 ਨੂੰ 2: 30 ਸ਼ਾਮ ਤੋਂ 4: 30 ਸ਼ਾਮ ਤਕ Brampton Crematorium 30 Bramwin court . Brampton ਵਿਖੇ ਕੀਤੇ ਜਾਣਗੇ ਅਤੇ ਅੰਤਿਮ ਅਰਦਾਸ ਵਿਖੇ 5 ਤੋਂ 7 ਵਜੇ ਕੀਤੀ ਜਾਵੇਗੀ

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ । ਮਲਕੀਤ ਸਿੰਘ ਦਿਓਲ ( ਜਵਾਈ) 416 419 5324

ਸੋਹਣ ਸਿੰਘ ਸਿੱਧੂ ( ਪੁੱਤਰ ) 416 722 6337, ਸਰਬਜੀਤ ਸਿੰਘ ਸਿੱਧੂ ( ਪੁੱਤਰ ) 416 917 8087

# ਫ਼ਿਰੋਜ਼ਪੁਰ ਦੇ ਨਵੇਂ ਡਿਪਟੀ ਕਮਿਸ਼ਨਰ ਨੇ ਅਹੁਦਾ ਸੰਭਾਲਿਆ



ਫ਼ਿਰੋਜ਼ਪੁਰ, 5 ਫਰਵਰੀ (ਗਿਆਨ ਸਿੰਘ): ਫ਼ਿਰੋਜ਼ਪੁਰ ਦੇ ਨਵੇਂ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਬੁੱਧਵਾਰ ਨੂੰ ਅਹੁਦਾ ਸੰਭਾਲ ਲਿਆ। ਫ਼ਿਰੋਜ਼ਪੁਰ ਪਹੁੰਚਣ ਤੇ ਡੀਸੀ ਕੰਪਲੈਕਸ ਵਿੱਚ ਪੰਜਾਬ ਪੁਲਿਸ ਦੀ ਟੁਕੜੀ ਨੇ ਉਨ੍ਹਾਂ ਨੂੰ ਗਾਰਡ ਆਫ਼ ਆਨਰ ਦਿੱਤਾ। ਇਸ ਤੋਂ ਬਾਅਦ ਫ਼ਿਰੋਜ਼ਪੁਰ ਦੇ ਵਧੀਕ ਡਿਪਟੀ ਕਮਿਸ਼ਨਰ (ਜ.) ਰਵਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਵਿੰਦਰਪਾਲ ਸਿੰਘ, ਐੱਸ.ਡੀ.ਐੱਮ. ਅਮਿਤ ਗੁਪਤਾ, ਐੱਸ.ਡੀ.ਐੱਮ. ਰਣਜੀਤ ਸਿੰਘ ਨੇ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਹੁੰਚਣ ਤੇ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ।

ਡਿਪਟੀ ਕਮਿਸ਼ਨਰ ਚੰਦਰ ਗੈਂਦ ਨੂੰ ਤਰੱਕੀ ਮਿਲਣ ਉਪਰੰਤ ਸਹਿਕਾਰਤਾ ਵਿਭਾਗ ਵਿੱਚ ਸੈਕਟਰੀ ਬਣਨ ਅਤੇ ਨਵੇਂ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਦੀ ਤਰੱਕੀ ਤੇ ਫੇਅਰਵੈੱਲ-ਕਮ-ਸਵਾਗਤ ਪਾਰਟੀ ਦਾ ਆਯੋਜਨ ਕੀਤਾ ਗਿਆ।

ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਫ਼ਿਰੋਜ਼ਪੁਰ ਦੇ ਲੋਕਾਂ ਤੱਕ ਪਾਰਦਰਸ਼ੀ ਤਰੀਕੇ ਨਾਲ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਪਹੁੰਚਾਉਣਾ ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਹੋਵੇਗੀ। ਉਨ੍ਹਾਂ ਨੇ ਪਿਛਲੇ ਡਿਪਟੀ ਕਮਿਸ਼ਨਰ ਚੰਦਰ ਗੈਂਦ ਵੱਲੋਂ ਫ਼ਿਰੋਜ਼ਪੁਰ ਵਿੱਚ ਕੀਤੇ ਹੋਏ ਕੰਮਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਜੋ ਵੀ ਕੰਮ ਸ਼ੁਰੂ ਕਰਵਾਏ ਹਨ, ਉਹ ਉਨ੍ਹਾਂ ਨੂੰ ਅੱਗੇ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਉਹ ਕਮਜ਼ੋਰ ਵਰਗਾਂ ਦੇ ਲੋਕਾਂ ਤੱਕ ਸਰਕਾਰੀ ਸਕੀਮਾਂ ਦਾ ਲਾਭ ਪਹੁੰਚਾਉਣ ਲਈ ਯਤਨਸ਼ੀਲ ਰਹਿਣਗੇ। ਫ਼ਿਰੋਜ਼ਪੁਰ ਜ਼ਿਲ੍ਹੇ ਨਾਲ ਆਪਣੇ ਪੁਰਾਣੇ ਰਿਸ਼ਤੇ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੀ ਬੀ.ਟੈੱਕ ਇੱਥੋਂ ਹੀ ਪਾਸ ਕੀਤੀ ਹੈ, ਉਹ ਸ਼ਹੀਦ ਭਗਤ ਸਿੰਘ ਸਟੇਟ ਟੈਕਨੀਕਲ ਕੈਂਪਸ ਦੇ ਵਿਦਿਆਰਥੀ ਰਹੇ। ਉਨ੍ਹਾਂ ਦੇ ਅਹੁਦੇ ਸੰਭਾਲਣ ਮੌਕੇ ਕਾਲਜ ਦੇ ਵਿਦਿਆਰਥੀ ਅਤੇ ਅਧਿਆਪਕ ਖ਼ਾਸ ਤੌਰ ਤੇ ਉਨ੍ਹਾਂ ਨੂੰ ਵਧਾਈ ਦੇਣ ਪਹੁੰਚੇ। ਆਈ.ਏ.ਐੱਸ. ਕੁਲਵੰਤ ਸਿੰਘ 2012 ਬੈਚ ਦੇ ਅਧਿਕਾਰੀ ਹਨ। ਉਨ੍ਹਾਂ ਨੇ ਫ਼ਿਰੋਜ਼ਪੁਰ ਦੇ ਐੱਸ.ਬੀ.ਐੱਸ. ਕਾਲਜ ਤੋਂ ਬੀ.ਟੈੱਕ ਦੀ ਸਿੱਖਿਆ ਪ੍ਰਾਪਤ ਕੀਤੀ। ਇਸ ਤੋਂ ਪਹਿਲਾ ਉਹ ਸ੍ਰੀ. ਮੁਕਤਸਰ ਸਾਹਿਬ ਵਿਖੇ ਸਹਾਇਕ ਕਮਿਸ਼ਨਰ ਰਹਿ ਚੁੱਕੇ ਹਨ। ਤਲਵੰਡੀ ਸਾਬੋ ਅਤੇ ਨਕੋਦਰ ਵਿੱਚ ਬਤੌਰ ਐੱਸ.ਡੀ.ਐੱਮ. ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ। ਇਸੇ ਤਰ੍ਹਾਂ ਸ੍ਰੀ. ਮੁਕਤਸਰ ਸਾਹਿਬ ਵਿੱਚ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਪਠਾਨਕੋਟ ਵਿੱਚ ਏ.ਡੀ.ਸੀ. (ਜਨ.) ਅਤੇ ਨਿਗਮ ਕਮਿਸ਼ਨਰ ਰਹਿ ਚੁੱਕੇ ਹਨ ਅਤੇ ਫ਼ਿਰੋਜ਼ਪੁਰ ਆਉਣ ਤੋਂ ਪਹਿਲਾ ਜਲੰਧਰ ਵਿੱਚ ਏ.ਡੀ.ਸੀ.(ਵਿਕਾਸ) ਦੇ ਅਹੁਦੇ ਤੇ ਤੈਨਾਤ ਸਨ।


Experienced, Established & Committed

Alliance Legal Services
Professional Corporation

Legal Counsel:
Jack Fireman, Q.C.

ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

Gursharan (Bobby) Sidhu
President

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.

Team of Experienced Lawyers & Paralegals serving the community for more than 10 years.

Free Consultation

For Maximum Benefits, Big Settlement & Excellent Service, Call:
Tel: 416-918-9406, 905-696-7946 Toll Free: 1-877-254-2623
1450 Meyerside Dr., Suite #308, Mississauga, ON. L5T 2N5 Fax: 905-696-7953



ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install Garage Door Openers

• ਕਾਲ ਕਰੋ: 416-357-4082 •



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ

132'' 88'' 8 Seated Sofa

- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

## ਜੱਜਾਂ ਨੂੰ ਇਨਸਾਨੀ ਸਿੱਖਿਆ ਦੇਣ ਲਈ ਕਾਨੂੰਨ ਸਹੀ ਕਦਮ?

ਕੰਜ਼ਰਵੇਟਿਵ ਪਾਰਟੀ ਦੀ ਸਾਬਕਾ ਅੰਤਰਿਮ ਨੇਤਾ ਅਤੇ ਮੈਂਬਰ ਪਾਰਲੀਮੈਂਟ ਰੋਨਾ ਐਂਬਰੋਜ਼ ਨੇ 2017 ਵਿੱਚ ਇੱਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ ਸੀ ਜਿਸਦਾ ਮਨੋਰਥ ਕੈਨੇਡਾ ਵਿੱਚ ਜੱਜਾਂ ਨੂੰ ਇਹ ਟਰੇਨਿੰਗ ਦੇਣਾ ਹੈ ਕਿ ਜਦੋਂ ਕਿਸੇ ਔਰਤ ਨਾਲ ਬਲਾਤਕਾਰ ਦੀ ਘਟਨਾ ਵਾਪਰਦੀ ਹੈ ਤਾਂ ਉਹਨਾਂ ਦੀ ਕਹਾਣੀ ਨੂੰ ਸੰਵੇਦਨਸ਼ੀਲ ਢੰਗ ਨਾਲ ਕਿਵੇਂ ਸੁਣਨਾ ਹੈ। ਬੇਸ਼ੱਕ ਇਹ ਗੱਲ ਅਜੀਬ ਜਾਪੇ ਕਿ ਕਾਨੂੰਨ ਦੇ ਰਖਵਾਲੇ ਔਰਤਾਂ ਨਾਲ ਹੁੰਦੇ ਧੱਕੇ ਬਾਰੇ ਗੈਰ ਮਨੁੱਖੀ ਰਵਈਆ ਕਿਵੇਂ ਅਪਨਾ ਸਕਦੇ ਹਨ ਪਰ ਸਾਲਾਂ ਬੱਧੀ ਮੀਡੀਆ ਵਿੱਚ ਆਉਂਦੀਆਂ ਖ਼ਬਰਾਂ ਇਹ ਦਰਸਾਉਂਦੀਆਂ ਹਨ ਕਿ ਜੱਜ ਬਹੁਤ ਵਾਰ ਦੋਸ਼ੀਆਂ ਦਾ ਇਸ ਤਰੀਕੇ ਸਾਥ ਦੇਂਦੇ ਹਨ ਜਿਵੇਂ ਉਹ ਖੁਦ ਹੀ ਦਰਿੰਦੇ ਹੋਣ। ਇਸਤੋਂ ਪਹਿਲਾਂ ਕਿ ਕੰਜ਼ਰਵੇਟਿਵ ਪਾਰਟੀ ਦੇ ਬਿੱਲ ਨੂੰ ਲਿਬਰਲ ਸਰਕਾਰ ਵੱਲੋਂ ਪੇਸ਼ ਕਰਨ ਅਤੇ ਬਾਕੀ ਸਾਰੀਆਂ ਵਿਰੋਧੀ ਪਾਰਟੀਆਂ ਦੁਆਰਾ ਸਹਿਯੋਗ ਦੇਣ ਬਾਰੇ ਗੱਲ ਕੀਤੀ ਜਾਵੇ, ਕੁੱਝ ਉਹਨਾਂ ਮਿਸਾਲਾਂ ਦਾ ਜ਼ਿਕਰ ਕਰਦੇ ਹਾਂ ਜਿਹਨਾਂ ਵਿੱਚ ਜੱਜਾਂ ਦਾ ਕਿਰਦਾਰ ਨੰਗਾ ਚਿੱਟਾ ਹੁੰਦਾ ਹੈ ਅਤੇ ਉਹਨਾਂ ਵਿੱਚ ਮਨੁੱਖੀ ਸੰਵੇਦਨਸ਼ੀਲਤਾ ਦੀ ਘਾਟ ਦਾ ਸਾਫ਼ ਝਲਕਾਰਾ ਪੈਂਦਾ ਹੈ।

ਟੋਰਾਂਟੋ ਵਿੱਚ ਇੱਕ ਲੜਕੀ ਦਾ ਉਸਦੇ ਜੀਜਾ ਵੱਲੋਂ ਬਲਾਤਕਾਰ ਕੀਤਾ ਜਾਂਦਾ ਹੈ। ਅਦਾਲਤੀ ਸੁਣਵਾਈ ਵਿੱਚ ਸੁਪਰੀਅਰ ਕੋਰਟ ਦੇ ਜੱਜ ਅਲੀਸਾ ਮਿਸ਼ੈਲ ਨੇ ਦੋਸ਼ੀ ਨੂੰ ਬਰੀ ਕਰ ਦਿੱਤਾ ਕਿਉਂਕਿ ਜੱਜ ਨੂੰ ਪੀੜਤ ਔਰਤ ਦੀ ਇਹ ਗੱਲ ਨਹੀਂ ਸਮਝ ਆਈ ਕਿ 15 ਘੰਟੇ ਲਗਾਤਾਰ ਹੋਣ ਵਾਲੇ ਬਲਾਤਕਾਰ ਦੌਰਾਨ ਸਾਰਾ ਸਮਾਂ ਚੀਖਾਂ ਮਾਰ ਕੇ ਬਚਾ ਲਈ ਗੁਹਾਰ ਕਰਨਾ ਸੰਭਵ ਨਹੀਂ ਸੀ। ਬਾਅਦ ਵਿੱਚ ਕੋਰਟ ਆਫ ਅਪੀਲ ਵਿੱਚ ਇਸ ਜੱਜ ਦਾ ਫੈਸਲਾ ਹੀ ਗਲਤ ਕਰਾਰ ਨਹੀਂ ਦਿੱਤਾ ਗਿਆ ਸਗੋਂ ਉਸਨੂੰ ਬੇਵਕੂਫ ਢੰਗ ਨਾਲ ਪੀੜਤ ਔਰਤ ਨੂੰ ਸੁਆਲ ਕਰਨ ਬਾਰੇ ਝਾੜਾਂ ਵੀ ਪਾਈਆਂ ਗਈਆਂ। ਇਵੇਂ ਹੀ ਓਟਾਵਾ ਵਿੱਚ ਸੁਪਰੀਅਰ ਕੋਰਟ ਦੇ ਜੱਜ ਰੌਬਰਟ ਬੂਦੋਨ ਨੇ ਬਲਾਤਕਾਰੀ ਪਾਲ ਬੈਚਲਰ ਨੂੰ ਇਸ ਲਈ ਬਰੀ ਕਰ ਦਿੱਤਾ ਕਿਉਂਕਿ ਬਲਾਤਕਾਰ ਦੌਰਾਨ ਪੀੜਤ ਔਰਤ ਸਾਰਾਹ ਨੇ ਐਨੀ ਜੋਰ ਨਾਲ ਚੀਖਾਂ ਕਿਉਂ ਨਾ ਮਾਰੀਆਂ ਜੋ ਅਪਾਰਟਮੈਂਟ ਤੋਂ ਬਾਹਰ ਹੋਰਾਂ ਨੂੰ ਸੁਣਦੀਆਂ। ਜੱਜ ਨੇ ਇਸ ਗੱਲ ਨੂੰ ਵੀ ਸਾਰਾਹ ਦੇ ਵਿਰੁੱਧ ਭੁਗਤਾਇਆ ਕਿ ਅਦਾਲਤ ਵਿੱਚ ਬਿਆਨ ਦੇਣ ਵੇਲੇ ਉਹ ਗੁੱਸੇ ਵਿੱਚ ਕਿਉਂ ਬੋਲ ਰਹੀ ਸੀ ਜਦੋਂ ਕਿ ਦੋਸ਼ੀ ਤਾਂ ਬਹੁਤ ਨੀਵੀਂ ਆਵਾਜ਼ ਵਿੱਚ ਗੱਲ ਕਰ ਰਿਹਾ ਸੀ।

ਜੇ ਸਾਡੇ ਜੱਜ ਇਹੋ ਜਿਹੀਆਂ ਗਲਤ ਧਾਰਨਾਵਾਂ ਨੂੰ ਸਾਹਮਣੇ ਰੱਖ ਕੇ ਇਨਸਾਫ਼ ਦੀ ਕੁਰਸੀ ਉੱਤੇ ਬੈਠਦੇ ਹਨ ਤਾਂ ਇਹਨਾਂ ਦੇ ਕਿਰਦਾਰ ਦਾ ਰੱਬ ਹੀ ਰਾਖਾ ਹੈ। ਕੈਨੇਡਾ ਭਰ ਵਿੱਚ ਅੱਜ ਕੱਲ 10 ਅਜਿਹੇ ਕੇਸ ਹਨ ਜਿਹਨਾਂ ਵਿੱਚ ਜੱਜਾਂ ਪੀੜਤਾਂ ਬਾਰੇ ਗਲਤ ਟਿੱਪਣੀਆਂ ਕਰਕੇ ਉਹਨਾਂ ਨੂੰ ਦੋਸ਼ੀ ਕਰਾਰ ਦੇਣ ਤੱਕ ਗਏ ਹਨ। ਇਹ ਦਰਦ ਤਾਂ ਸਿਰਫ਼ ਉਹ ਔਰਤ ਹੀ ਜਾਣਦੀ ਹੈ ਜਿਸਨੂੰ ਬਲਾਤਕਾਰ ਵਰਗੇ ਘਿਨਾਉਣੇ ਅਨੁਭਵ ਵਿੱਚੋਂ ਗੁਜ਼ਰ ਕੇ ਜੱਜਾਂ ਅਤੇ ਵਕੀਲਾਂ ਦੀਆਂ ਗੈਰ-ਮਨੁੱਖੀ ਰਵਈਏ ਦਾ ਸਾਹਮਣਾ ਕਰਨਾ ਪੈਂਦਾ ਹੈ। ਕੈਨੇਡਾ ਵਿੱਚ ਸਿਰਫ਼ 1% ਬਲਾਕਤਕਾਰ ਪੀੜਤ ਪੁਲੀਸ ਕੋਲ ਰਿਪੋਰਟ ਕਰਦੀਆਂ ਹਨ। ਅੰਕੜੇ ਇਹ ਵੀ ਦੱਸਦੇ ਹਨ ਕਿ ਬਲਾਤਕਾਰ ਦੀਆਂ ਘਟਨਾਵਾਂ ਸਾਰੀਆਂ ਕਮਿਉਨਿਟੀਆਂ ਵਿੱਚ ਬਰਾਬਰ ਪਾਈਆਂ ਜਾਂਦੀਆਂ ਹਨ ਅਤੇ ਜ਼ਿਆਦਾਤਰ ਕੇਸਾਂ ਵਿੱਚ ਇਹ ਕੁਕਰਮ ਪੀੜਤ ਦੇ ਪਰਿਵਾਰਕ ਸਕੇ ਸਬੰਧੀਆਂ, ਦੋਸਤਾਂ ਅਤੇ ਕਰੀਬੀ ਰਿਸ਼ਤੇਦਾਰਾਂ ਵੱਲੋਂ ਕੀਤੇ ਜਾਂਦੇ ਹਨ।

ਇਸ ਪਿੱਠ ਭੂਮੀ ਵਿੱਚ ਲਿਬਰਲ ਸਰਕਾਰ ਦੇ ਨਿਆਂ ਮੰਤਰੀ ਡੇਵਿਡ ਲਾਮਟੀ ਵੱਲੋਂ ਰੋਨਾ ਐਂਬਰੋਜ਼ ਦੇ ਬਿੱਲ ਨੂੰ ਸਰਕਾਰੀ ਧਿਰ ਦਾ ਬਿੱਲ ਬਣਾ ਕੇ ਪੇਸ਼ ਕਰਨਾ ਸੁਆਗਤਯੋਗ ਕਦਮ ਹੈ। ਪਰਸੋਂ ਪੇਸ਼ ਕੀਤੇ ਗਏ ਬਿੱਲ ਦੇ ਕਾਨੂੰਨ ਬਣਨ ਤੋਂ ਬਾਅਦ ਕਾਨੂੰਨ ਦੇ ਰਖਵਾਲੇ ਜੱਜਾਂ ਲਈ ਸੈਕਸੁਅਲ ਅਸਾਲਟ ਬਾਰੇ ਬਣੇ ਕਾਨੂੰਨ ਦੀ ਟਰੇਨਿੰਗ ਲੈਣਾ ਲਾਜ਼ਮੀ ਬਣ ਜਾਵੇਗਾ। ਜੱਜਾਂ ਨੂੰ ਸਮਝਾਇਆ ਜਾਵੇਗਾ ਕਿ ਉਹਨਾਂ ਲਈ ਬਲਾਤਕਾਰ ਬਾਰੇ ਪੁਰਾਣੀਆਂ ਘਿਸੀਆਂ ਪਿਟੀਆਂ ਧਾਰਨਾਵਾਂ ਨੂੰ ਛੱਡ ਕੇ ਇਸਨਾਫ਼ ਕਰਨਾ ਬਣਦਾ ਹੈ। ਜੇ ਜੱਜ ਦਕਿਆਨੂਸੀ ਖਿਆਲਾਂ ਨੂੰ ਨਹੀਂ ਛੱਡਣਗੇ ਤਾਂ ਇਹਨਾਂ ਦਾ ਕੀਤਾ ਇਨਸਾਫ਼ ਉਵੇਂ ਦਾ ਹੀ ਘਿਨਾਉਣਾ ਹੋਵੇਗਾ ਜਿਵੇਂ ਅਲਬਰਟਾ ਦੀ 36 ਸਾਲਾ ਸਿੰਡੀ ਗਲਾਉਡ ਦੇ ਕਤਲ ਕੇਸ ਵਿੱਚ ਕੀਤਾ ਗਿਆ ਸੀ। ਇੱਕ ਹੋਟਲ ਵਿੱਚ ਸਿੰਡੀ ਦੇ ਹੋਏ ਕਤਲ ਬਾਰੇ ਜੱਜ ਅਤੇ ਜਿਊਰੀ ਦੇ ਮੈਂਬਰ ਇੱਕੋ ਗੱਲ ਦੁਹਰਾਉਂਦੇ ਰਹੇ ਸਨ ਕਿ ਇੱਕ ਸੈਕਸ ਵਰਕਰ ਅਤੇ ਮੂਲਵਾਸੀ ਔਰਤ ਹੋਣ ਕਰਕੇ ਉਸਦਾ ਯਕੀਨ ਨਹੀਂ ਕੀਤਾ ਜਾ ਸਕਦਾ। ਕਾਨੂੰਨ ਨੇ ਸੱਚ ਨੂੰ ਸਾਹਮਣੇ ਲਿਆਉਣ ਲਈ ਵੱਖਰੇ ਮਾਪਦੰਡ ਅਪਨਾਉਣੇ ਹੁੰਦੇ ਹਨ। ਆਸ ਰੱਖਣੀ ਚਾਹੀਦੀ ਹੈ ਕਿ ਦਿੱਤੀ ਜਾਣ ਵਾਲੀ ਟਰੇਨਿੰਗ ਜੱਜਾਂ ਨੂੰ ਇਨਸਾਫ ਦੇ ਮਾਪਦੰਡਾਂ ਨੂੰ ਸਹੀ ਭਾਵਨਾ ਨਾਲ ਲਾਗੂ ਕਰਨ ਦੀ ਤਰਬੀਅਤ ਪੈਦਾ ਕਰੇ।

## ਕੇਂਦਰੀ ਜੇਲ੍ਹ ਹਵਾਲਾਤੀਆਂ ਨੂੰ ਛੱਡਣ ਆਏ ਥਾਣੇਦਾਰ ਕੋਲੋਂ ਪੰਜਾਹ ਗ੍ਰਾਮ ਚਰਸ ਬਰਾਮਦ

ਕਪੂਰਥਲਾ, 5 ਫਰਵਰੀ (ਪੋਸਟ ਬਿਊਰੋ)- ਕੇਂਦਰੀ ਜੇਲ੍ਹ ਜਲੰਧਰ ਅਤੇ ਕਪੂਰਥਲਾ 'ਚ ਸੀ ਆਰ ਪੀ ਐੱਫ ਵੱਲੋਂ ਕੀਤੀ ਗਈ ਤਲਾਸ਼ੀ ਦੌਰਾਨ ਹਵਾਲਾਤੀਆਂ ਨੂੰ ਅਦਾਲਤੀ ਪੇਸ਼ੀ ਤੋਂ ਬਾਅਦ ਜੇਲ੍ਹ ਕੰਪਲੈਕਸ ਵਿੱਚ ਛੱਡਣ ਆਏ ਜਲੰਧਰ ਦਿਹਾਤੀ ਪੁਲਸ ਦੇ ਇੱਕ ਏ ਐੱਸ ਆਈ ਨੂੰ ਪੰਜਾਹ ਗਰਾਮ ਚਰਸ ਦੀ ਖੇਪ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਮੁਲਜ਼ਮ ਏ ਐੱਸ ਆਈ ਦੇ ਖਿਲਾਫ ਥਾਣਾ ਕੋਤਵਾਲੀ 'ਚ ਮਾਮਲਾ ਦਰਜ ਕਰ ਲਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਏ ਡੀ ਜੀ ਪੀ ਜੇਲ੍ਹ ਪ੍ਰਵੀਨ ਸਿਨਹਾ ਦੇ ਹੁਕਮਾਂ ਉੱਤੇ ਪੰਜਾਬ ਭਰ ਦੀਆਂ ਜੇਲ੍ਹਾਂ ਵਿੱਚ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦੌਰਾਨ ਜਲੰਧਰ ਦੀ ਅਦਾਲਤ ਤੋਂ ਹਵਾਲਾਤੀਆਂ ਦੀ ਪੇਸ਼ੀ ਕਰਵਾ ਕੇ ਪਰਤੇ ਜਲੰਧਰ ਦਿਹਾਤੀ ਪੁਲਸ ਦੇ ਏ ਐੱਸ ਆਈ ਜਤਿੰਦਰ ਸਿੰਘ ਦੀ ਤਲਾਸ਼ੀ ਲਈ ਗਈ ਤਾਂ ਉਸ ਦੀ ਜੇਬ 'ਚੋਂ ਪੰਜਾਹ ਗਰਾਮ ਚਰਸ ਬਰਾਮਦ ਹੋਈ। ਜਦੋਂ ਮੁਲਜ਼ਮ ਏ ਐੱਸ ਆਈ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਉਸ ਨੂੰ ਜਲੰਧਰ ਵਿੱਚ ਦੋ ਨੌਜਵਾਨ ਚਰਸ ਦੇ ਕੇ ਗਏ ਸਨ। ਉਨ੍ਹਾਂ ਨੌਜਵਾਨਾਂ ਦਾ ਉਹ ਨਾਂਅ ਨਹੀਂ ਜਾਣਦਾ, ਪਰ ਉਕਤ ਨੌਜਵਾਨਾਂ ਨੇ ਉਸ ਨਾਲ ਫੋਨ ਕਰ ਕੇ ਸੰਪਰਕ ਕੀਤਾ ਸੀ। ਮੁਲਜ਼ਮ ਨੇ ਜੇਲ੍ਹ ਕੰਪਲੈਕਸ 'ਚ ਬੰਦ ਇੱਕ ਹਵਾਲਾਤੀ ਨੂੰ ਚਰਸ ਦੀ ਖੇਪ ਦੇਣ ਦੀ ਗੱਲ ਕਹੀ ਹੈ। ਹਵਾਲਾਤੀ ਕੌਣ ਸੀ ਇਸ ਦਾ ਅਜੇ ਕੋਤਵਾਲੀ ਪੁਲਸ ਨੇ ਖੁਲਾਸਾ ਨਹੀਂ ਕੀਤਾ। ਗ੍ਰਿਫਤਾਰ ਏ ਐੱਸ ਆਈ ਦੇ ਖਿਲਾਫ ਕੋਤਵਾਲੀ ਪੁਲਸ ਨੇ ਕੇਸ ਦਰਜ ਕਰ ਲਿਆ ਹੈ ਅਤੇ ਉਸ ਨਾਲ ਜੁੜੇ ਨੌਜਵਾਨਾਂ ਦੀ ਜਿੱਥੇ ਤਲਾਸ਼ ਜਾਰੀ ਹੈ, ਉਥੇ ਕੇਂਦਰੀ ਜੇਲ੍ਹ ਵਿੱਚ ਬੰਦ ਮੁਲਜ਼ਮ ਏ ਐੱਸ ਆਈ ਦੇ ਸਾਥੀ ਹਵਾਲਾਤੀ ਨੂੰ ਜਲਦੀ ਹੀ ਪੁੱਛਗਿੱਛ ਵਾਸਤੇ ਥਾਣਾ ਕੋਤਵਾਲੀ ਲਿਆਂਦਾ ਜਾਵੇਗ। ਮੁਲਜ਼ਮ ਏ ਐੱਸ ਆਈ ਨੂੰ ਇੱਕ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ।

## ਪ੍ਰੈੱਸ ਕਾਨਫਰੰਸ ਵਿੱਚ ਪੁਲਸ ਨੇ ਦੋਸ਼ੀ ਦਿਖਾਇਆ, ਪਿਸ਼ਾਬ ਕਰਨ ਦਾ ਬਹਾਨਾ ਬਣਾ ਕੇ ਭੱਜ ਗਿਆ

ਲੁਧਿਆਣਾ, 5 ਫਰਵਰੀ (ਪੋਸਟ ਬਿਊਰੋ)- ਸੀ ਆਈ ਏ 3 ਦੀ ਪੁਲਸ ਨੇ ਸਨੈਚਰ ਨੂੰ 11 ਮੋਬਾਈਲਾਂ ਸਮੇਤ ਗ੍ਰਿਫਤਾਰ ਕੀਤਾ। ਕੱਲ੍ਹ ਦੁਪਹਿਰ ਪੁਲਸ ਨੇ ਪ੍ਰੈੱਸ ਕਾਨਫਰੰਸ ਕੀਤੀ ਤੇ ਇਸ ਮੌਕੇ ਦੋਸ਼ੀ ਨੂੰ ਮੀਡੀਆ ਸਾਹਮਣੇ ਪੇਸ਼ ਕੀਤਾ। ਇਸ ਦੇ ਬਾਅਦ ਜੋ ਹੋਇਆ, ਉਸ ਨੇ ਪੁਲਸ ਦੀ ਬੇਇੱਜ਼ਤੀ ਕਰਵਾ ਦਿੱਤੀ। ਪ੍ਰੈੱਸ ਕਾਨਫਰੰਸ ਦੇ ਥੋੜ੍ਹੀ ਦੇਰ ਬਾਅਦ ਦੋਸ਼ੀ ਪੁਲਸ ਨੂੰ ਪਿਸ਼ਾਬ ਕਰਨ ਦਾ ਬਹਾਨਾ ਬਣਾ ਕੇ ਚਕਮਾ ਦੇ ਕੇ ਫਰਾਰ ਹੋ ਗਿਆ।

ਅਸਲ ਵਿੱਚ ਪੁਲਸ ਨੇ ਮੋਬਾਈਲ ਸਨੈਚਿੰਗ ਦੇ ਦੋਸ਼ੀ ਦੀਪਕ ਕੁਮਾਰ ਉਰਫ ਮਾਹਨਾ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਉਸ ਤੋਂ 11 ਮੋਬਾਈਲ ਬਰਾਮਦ ਕੀਤੇ ਸਨ। ਏ ਡੀ ਸੀ ਪੀ ਇਨਵੈਸਟੀਗੇਸ਼ਨ ਦਾਇਮਾ ਹਰੀਸ਼ ਕੁਮਾਰ ਓਮ ਪ੍ਰਕਾਸ਼ ਨੇ ਕੱਲ੍ਹ ਦੁਪਹਿਰ ਇਸ ਦੀ ਪ੍ਰੈੱਸ ਕਾਨਫਰੰਸ ਕੀਤੀ। ਫਿਰ ਸਿੰਗਲ ਵਿੰਡੋ ਵਿੱਚ ਦੋਸ਼ੀ ਨੇ ਪੁਲਸ ਮੁਲਾਜ਼ਮਾਂ ਨੂੰ ਪਿਸ਼ਾਬ ਕਰਨ ਦਾ ਬਹਾਨਾ ਬਣਾਇਆ ਅਤੇ ਫਰਾਰ ਹੋ ਗਿਆ। ਪੁਲਸ ਉਸ ਨੂੰ ਲੱਭਦੀ ਰਹੀ, ਪਰ ਉਸ ਦਾ ਕੁਝ ਪਤਾ ਨਹੀਂ ਲੱਗਾ। ਇਸ ਤੋਂ ਪਹਿਲਾਂ ਏ ਡੀ ਸੀ ਪੀ ਇਨਵੈਸਟੀਗੇਸ਼ਨ ਦਾਇਮਾ ਹਰੀਸ਼ ਕੁਮਾਰ ਓਮ ਪ੍ਰਕਾਸ਼ ਨੇ ਪੱਤਰਕਾਰ ਨੂੰ ਦੱਸਿਆ ਕਿ ਉਕਤ ਦੋਸ਼ੀ ਜ਼ਿਆਦਾਤਰ ਸੁੰਨਸਾਨ ਰਸਤਿਆਂ ਵਿੱਚ ਰਾਹਗੀਰਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਤੋਂ ਮੋਬਾਈਲ ਲੁੱਟਣ ਦਾ ਕੰਮ ਕਰਦਾ ਰਿਹਾ ਹੈ। ਦੋਸ਼ੀ ਦੇ ਖਿਲਾਫ ਪਹਿਲਾ ਵੀ ਥਾਣਾ ਮੋਤੀ ਨਗਰ ਵਿੱਚ ਮਾਮਲਾ ਦਰਜ ਸੀ।




## ਟੋਰਾਂਟੋ ਸਕੂਲ ਲਾਗੇ ਬੰਦੂਕਧਾਰੀ ਨੇ ਕਾਰ ਉੱਤੇ ਚਲਾਈਆਂ ਗੋਲੀਆਂ

...ਪੰਨਾ 1 ਦਾ ਬਾਕੀ

ਇਸ ਉਤੇ ਪੁਲਿਸ ਤੁਰੰਤ ਹਰਕਤ ਵਿਚ ਆ ਗਈ। ਪੁਲਿਸ ਨੇ ਦਸਿਆ ਕਿ ਉਨ੍ਹਾਂ ਨੂੰ ਪਾਰਕਿੰਗ ਲੌਟ ਵਿੱਚੋਂ ਗੋਲੀਆ ਦੇ ਖੋਲ ਦੇ ਨਾਲ ਨਾਲ ਇੱਕ ਕਾਰ ਵਿੱਚ ਗੋਲੀਆਂ ਦੇ ਨਿਸ਼ਾਨ ਵੀ ਮਿਲੇ।

ਇੰਸਪੈਕਟਰ ਮਨਦੀਪ ਮਾਨ ਨੇ ਦੱਸਿਆ ਕਿ ਸਾਨੂੰ ਇਹ ਪਤਾ ਲੱਗਿਆ ਹੈ ਕਿ ਚਾਰ ਸਕੂਲੀ ਵਿਦਿਆਰਥੀ ਉਸ ਸਮੇਂ ਗੱਡੀ ਵਿੱਚ ਮੌਜੂਦ ਸਨ ਜਦੋਂ ਇਸ ਵਿਅਕਤੀ ਨੇ ਉਨ੍ਹਾਂ ਦੀ ਗੱਡੀ ਉੱਤੇ ਗੋਲੀਆਂ ਚਲਾ ਦਿੱਤੀਆਂ। ਪਰ ਇਸ ਦੌਰਾਨ ਕੋਈ ਜ਼ਖ਼ਮੀ ਨਹੀਂ ਹੋਇਆ। ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਵੱਲੋਂ ਇਸ ਘਟਨਾ ਤੋਂ ਬਾਅਦ ਸਕੂਲ ਨੂੰ ਬੰਦ ਕੀਤੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ ਤੇ ਪੁਲਿਸ ਨੇੜਲੇ ਇਲਾਕੇ ਦੀ ਵੀ ਜਾਂਚ ਕਰ ਰਹੀ ਹੈ।

ਟੀਡੀਐਸਬੀ ਨੇ ਇਲਾਕੇ ਦੇ ਕਈ ਹੋਰ ਸਕੂਲਾਂ ਨੂੰ ਵੀ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਸਨ ਪਰ ਬਾਅਦ ਵਿੱਚ ਇਸ ਫੈਸਲੇ ਨੂੰ ਹਟਾ ਲਿਆ ਗਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਲਾਕੇ ਵਿੱਚ ਵੱਡੀ ਮਾਤਰਾ ਵਿੱਚ ਪੁਲਿਸ ਮੌਜੂਦ ਸੀ। ਮਸ਼ਕੂਕ ਦੀ ਵੀ ਤੇਜ਼ੀ ਨਾਲ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਮਸ਼ਕੂਕ 18 ਤੋਂ 20 ਸਾਲ ਦਾ ਸਿਆਹ ਨਸਲ ਦਾ ਵਿਅਕਤੀ ਹੈ, ਜਿਸ ਦਾ ਕਦ ਪੰਜ ਫੁਟ ਦਸ ਇੰਚ ਤੋਂ ਲੈ ਕੇ ਛੇ ਫੁੱਟ ਹੋ ਸਕਦਾ ਹੈ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੇ ਕਾਲੇ ਰੰਗ ਦੀ ਟੋਪੀ ਤੇ ਲਾਲ ਰੰਗ ਦੀ ਸਵੈੱਟਸ਼ਰਟ ਪਾਈ ਹੋਈ ਸੀ।

## ਇੰਪੀਚਮੈਂਟ ਮਾਮਲੇ ਵਿੱਚ ਟਰੰਪ ਬਰੀ

...ਪੰਨਾ 1 ਦਾ ਬਾਕੀ



ਸਪੀਕਰ ਨੈਂਸੀ ਪੈਲੋਸੀ ਦੇ ਹਾਊਸ ਤੋਂ ਮਿਚ ਮੈਕੋਨੈਲ ਦੀ ਸੈਨੇਟ ਤੱਕ ਬੁੱਧਵਾਰ ਨੂੰ ਆਏ ਫੈਸਲੇ ਤੋਂ ਪਹਿਲਾਂ ਕਈ ਮਹੀਨੇ ਤੱਕ ਮਹਾਭਿਯੋਗ ਦੀ ਕਾਰਵਾਈ ਚੱਲੀ। ਇਸ ਸਾਰੇ ਮਾਮਲੇ ਦੀ ਸ਼ੁਰੂਆਤ ਟਰੰਪ ਦੀ ਉਸ ਬੇਨਤੀ ਨਾਲ ਹੋਈ ਜਿਸ ਵਿੱਚ ਉਨ੍ਹਾਂ ਵੱਲੋਂ ਯੂਕਰੇਨ ਦੇ ਰਾਸ਼ਟਰਪਤੀ ਨੂੰ ਆਪਣੀ ਤਰਫਦਾਰੀ ਕਰਨ ਲਈ ਆਖਿਆ ਗਿਆ ਸੀ। ਇਸ ਤੋਂ ਬਾਅਦ ਇਹ ਆਖਿਆ ਗਿਆ ਕਿ ਟਰੰਪ ਨੇ ਨਿਜੀ ਤੇ ਸਿਆਸੀ ਲਾਹੇ ਕਾਰਨ ਅਮਰੀਕਾ ਦੇ ਵਿਦੇਸ਼ੀ ਸਬੰਧਾਂ ਨੂੰ ਖਤਰੇ ਵਿੱਚ ਪਾ ਦਿੱਤਾ। ਇਹ ਵੀ ਦੋਸ਼ ਲਾਇਆ ਗਿਆ ਕਿ ਉਨ੍ਹਾਂ ਆਪਣੇ ਵਿਰੋਧੀ ਡੈਮੋਕ੍ਰੈਟਿਕ ਉਮੀਦਵਾਰ ਜੋਅ ਬਾਇਡਨ ਦੀ ਜਾਂਚ ਕਰਵਾਉਣ ਲਈ ਆਪਣੇ ਸਹਿਯੋਗੀ ਉੱਤੇ ਦਬਾਅ ਪਾਇਆ।

ਜ਼ਿਕਰਯੋਗ ਹੈ ਕਿ ਅਜੇ ਤੱਕ ਸੈਨੇਟ ਵੱਲੋਂ ਕਿਸੇ ਵੀ ਰਾਸ਼ਟਰਪਤੀ ਨੂੰ ਨਹੀਂ ਹਟਾਇਆ ਗਿਆ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਟਰੰਪ ਆਪਣੀ ਇਸ ਜਿੱਤ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਭੁਨਾਉਣਗੇ। ਰਾਸ਼ਟਰਪਤੀ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਉਨ੍ਹਾਂ ਵੱਲੋਂ ਕੋਈ ਗਲਤ ਕੰਮ ਨਹੀਂ ਕੀਤਾ ਗਿਆ ਸਗੋਂ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਟਰੰਪ ਦੀ ਸਿਆਸੀ ਕੈਂਪੇਨ ਵਿੱਚ ਅਜਿਹੇ ਵੀਡੀਓਜ਼, ਬਿਆਨ ਤੇ ਕਾਰਟੂਨ ਡਾਂਸ ਟਵੀਟ ਕੀਤਾ ਗਿਆ ਹੈ ਜਿਸ ਵਿਚ ਇੰਪੀਚਮੈਂਟ ਤੋਂ ਬਚਣ ਦੀ ਟਰੰਪ ਦੀ ਖੁਸ਼ੀ ਜ਼ਾਹਿਰ ਕੀਤੀ ਗਈ ਹੈ। ਟਰੰਪ ਨੇ ਆਪ ਵੀ ਟਵੀਟ ਕਰਕੇ ਇਸ ਫੈਸਲੇ ਉਤੇ ਖੁਸ਼ੀ ਪ੍ਰਗਟਾਈ।

## ਫੋਰਡ ਸਰਕਾਰ ਦੇ ਕੈਬਨਿਟ ਮੰਤਰੀ ਉੱਤੇ ਸੋਸ਼ਲ ਮੀਡੀਆ ਕੈਂਪੇਨ ਉੱਤੇ ਟੈਕਸਦਾਤਾਵਾਂ ਦਾ ਪੈਸਾ ਖਰਚ ਕਰਨ ਦੇ ਦੋਸ਼



ਟੋਰਾਂਟੋ, 5 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਸਰਕਾਰ ਦੇ ਉਘੇ ਕੈਬਨਿਟ ਮੰਤਰੀ ਉਤੇ ਦੋਸ ਲਾਇਆ ਗਿਆ ਹੈ ਕਿ ਉਨ੍ਹਾਂ ਵਲੋਂ ਪ੍ਰੋਗਰੈਸਿਵ ਕੰਜਰਵੇਟਿਵ ਸਰਕਾਰ ਦਾ ਕੰਮ ਚਲਾਉਣ ਲਈ ਕਥਿਤ ਤੌਰ ਉਤੇ ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਦੋਸ ਪ੍ਰੀਮੀਅਰ ਦੇ ਅਹਿਮ ਸਹਿਯੋਗ ਵਲੋਂ ਲਾਏ ਗਏ ਹਨ।

ਖਜਾਨਾ ਬੋਰਡ ਦੇ ਪ੍ਰੈਜੀਡੈਂਟ ਪੀਟਰ ਬੈਥਲਨਫਾਲਵੀ ਦੇ ਸਰਕਾਰ ਵਲੋਂ ਫੰਡਿਡ ਆਫਿਸ ਵਿਚ ਪਿਛੇ ਜਿਹੇ ਸੋਸਲ ਮੀਡੀਆ ਐਡਵਰਟਾਈਜਿੰਗ ਕੈਂਪੇਨ ਤਿਆਰ ਕੀਤੀ ਗਈ। ਇਹ ਕੈਂਪੇਨ ਮੰਤਰੀ ਦੇ ਟਵਿਟਰ, ਫੇਸਬੁਕ ਤੇ ਇਨਸਟਾਗ੍ਰਾਮ ਉਤੇ ਫੌਲੋਅਰਜ ਵਿਚ ਵਾਧਾ ਕਰਨ ਲਈ ਕੰਜਰਵੇਟਿਵ ਤੇ ਕੰਜਰਵੇਟਿਵਾਂ ਵਲ ਝੁਕਾਅ ਵਾਲੇ ਸਮਰਥਕਾਂ ਨੂੰ ਨਿਸਾਨਾ ਬਣਾ ਕੇ ਤਿਆਰ ਕੀਤੀ ਗਈ।

ਇਹ ਯੋਜਨਾ ਮੰਤਰੀ ਦੀ ਕਮਿਊਨਿਕੇਸਨਜ ਟੀਮ ਵਲੋਂ ਦੋ ਮਹੀਨਿਆਂ ਦੇ ਅਰਸੇ ਦੌਰਾਨ ਤਿਆਰ ਕੀਤੀ ਗਈ। ਇਸ ਨੂੰ ਬਾਕਾਇਦਾ ਟਰਯਰੀ ਬੋਰਡ ਸੈਕਟਰੀਏਟ ਦੇ ਲੈਟਰਹੈਡ ਉਤੇ ਤਿਆਰ ਕੀਤਾ ਗਿਆ। ਇਸ ਇਸਤਿਹਾਰੀ ਕੈਂਪੇਨ ਲਈ ਟਰਯਰੀ ਬੋਰਡ ਦੇ ਬਜਟ ਦੀ ਵਰਤੋਂ ਕੀਤੇ ਜਾਣ ਦੀ ਥਾਂ ਉਤੇ ਸਟਾਫ ਨੇ ਇਸ ਸਬੰਧੀ ਦਸਤਾਵੇਜ ਨੂੰ ਮਨਜੂਰੀ ਲਈ ਪਿਕਰਿੰਗ ਅਕਸਬ੍ਰਿਜ ਵਿਚ ਬੈਥਲਨਫਾਲਵੀ ਦੇ ਹਲਕੇ ਦੀ ਐਸੋਸਿਏਸਨ ਨੂੰ ਈਮੇਲ ਕਰ ਦਿਤਾ। ਇਸ ਲਈ ਅਦਾਇਗੀ ਪੀਸੀ ਪਾਰਟੀ ਨੂੰ ਕੀਤੀ ਗਈ ਡੋਨੇਸਨ ਤੋਂ ਕੀਤੀ ਗਈ। ਇਸ ਗਲ ਉਤੇ ਵੀ ਸਲਾਹ ਮਸਵਰਾ ਕੀਤਾ ਗਿਆ ਕਿ ਕੀ ਪਾਰਟੀ ਦੇ ਫੰਡਾਂ ਨੂੰ ਇਸ ਯੋਜਨਾ ਲਈ ਖਰਚਿਆ ਜਾ ਸਕਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਈਡਿੰਗ ਇਸ ਯੋਜਨਾ ਲਈ ਪੈਸੇ ਅਦਾ ਕਰਨ ਵਾਸਤੇ ਪੂਰੀ ਤਰ੍ਹਾਂ ਤਿਆਰ ਸੀ। ਪਰ ਬੈਥਲਨਫਾਲਵੀ ਤੇ ਉਨ੍ਹਾਂ ਦੇ ਸਹਿਯੋਗੀਆਂ ਵਲੋਂ ਆਖਿਆ ਜਾ ਰਿਹਾ ਹੈ ਕਿ ਅਜਿਹਾ ਕੁਝ ਨਹੀਂ ਵਾਪਰਿਆ ਤੇ ਜਿਵੇਂ ਹੀ ਉਨ੍ਹਾਂ ਨੂੰ ਇਸ ਗੜਬੜੀ ਦਾ ਪਤਾ ਲਗਿਆ ਤਾਂ ਉਨ੍ਹਾਂ ਆਖਿਆ ਕਿ ਸਾਨੂੰ ਇਸ ਪੈਸੇ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

## ਨਵ-ਵਿਆਹੁਤਾ ਦਾ ਬੇਰਹਿਮੀ ਨਾਲ ਕਤਲ

ਤਪਾ ਮੰਡੀ, 5 ਫਰਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਮਹਿਤਾ ਵਿਖੇ ਨਵ-ਵਿਆਹੁਤਾ ਦਾ ਸ਼ੱਕੀ ਹਾਲਾਤ 'ਚ ਤੇਜ਼ਧਾਰ ਹਥਿਆਰਾਂ ਨਾਲ ਬੇਰਹਿਮੀ ਨਾਲ ਕਤਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਅਨੁਸਾਰ ਨਵਨੀਤ ਕੌਰ ਦਾ ਵਿਆਹ ਦੋ ਮਹੀਨੇ ਪਹਿਲਾਂ ਗਗਨਦੀਪ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਮਹਿਤਾ ਨਾਲ ਹੋਇਆ ਸੀ। ਪੇਕੇ ਪਰਵਾਰ ਦੇ ਅਨੁਸਾਰ ਉਨ੍ਹਾਂ ਨੂੰ ਸਵੇਰੇਂ ਫ਼ੋਨ ਆਇਆ ਕਿ ਉਨ੍ਹਾਂ ਦੀ ਲੜਕੀ ਨੂੰ ਹਾਰਟ ਅਟੈਕ ਹੋ ਗਿਆ ਹੈ, ਜਿਸ ਦਾ ਪਤਾ ਚੱਲਦੇ ਸਾਰ ਉਹ ਪਿੰਡ ਮਹਿਤਾ ਪਹੁੰਚੇ ਤਾਂ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੀ ਲੜਕੀ ਨਵਨੀਤ ਕੌਰ ਦੇ ਗਲ 'ਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰਕੇ ਉਸ ਦਾ ਬੇਰਹਿਮੀ ਨਾਲ ਕਤਲ ਕੀਤਾ ਹੋਇਆ ਸੀ ਅਤੇ ਉਸਦੀ ਲਾਸ਼ ਕਮਰੇ ਅੰਦਰ ਬੈਡਾਂ 'ਤੇ ਖ਼ੂਨ ਨਾਲ ਲੱਥਪੱਥ ਹੋਈ ਪਈ ਸੀ। ਮ੍ਰਿਤਕਾ ਦੀ ਜਠਾਣੀ ਚਰਨਜੀਤ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਕੁਲਦੀਪ ਸਿੰਘ ਸ਼ਾਮ ਸੱਤ ਵਜੇ ਤੋਂ ਸਵੇਰੇ ਛੇ ਵਜੇ ਤੱਕ ਖੇਤ 'ਚ ਫ਼ਸਲ ਦੀ ਰਾਖੀ ਕਰਦਾ ਹੈ ਤੇ ਦਿਉਰ ਗਗਨਦੀਪ ਸਿੰਘ ਆਪਣੇ ਕਮਰੇ 'ਚ ਸੁੱਤਾ ਪਿਆ ਸੀ। ਉਸ ਨੂੰ ਇਸ ਘਟਨਾ ਦਾ ਸਵੇਰੇ ਕਰੀਬ ਛੇ ਵਜੇ ਪਤਾ ਲੱਗਾ। ਜ਼ਿਲ੍ਹਾ ਪੁਲਸ ਮੁਖੀ ਬਰਨਾਲਾ ਹਰਜੀਤ ਸਿੰਘ ਘਟਨਾ ਸਥਾਨ 'ਤੇ ਪਹੁੰਚੇ ਤੇ ਸਥਿਤੀ ਦਾ ਜਾਇਜ਼ਾ ਲਿਆ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



In The Loving Memory of

**Late.Sardar Kartar Singh Bedi**

With profound grief and sorrow we inform sad demise of Our Father Late. Sardar Kartar Singh Bedi on February 2nd, 2020.

Visitation : February 7, 2020 6:00 PM - 8:00 PM
Funeral Service : Saturday, February 8, 2020 7:30 AM - 9:30 AM
Cremation : Saturday, February 8, 2020 9:30 AM
at 30 Bramwin Court, Brampton, Ontario, L6T 5G2
Telephone : 905-458-2222

Antim Ardaas (Bhog) : Saturday February 8, 2020 10:30 AM - 12:30 PM
Gurdwara : Nanaksar Thath Isher Darbar,
9954 The Gore Rd
Brampton, Ontario
L6P 0A7
(905) 915-2597

From : Manjit Singh Bedi (Son) & Randhir Singh Bedi (Son)
Cont : 647-449-7946, 416-400-8436












# ਭਗਤ ਸਿੰਘ ਦੀ ਪਹਿਲੀ ਗ੍ਰਿਫਤਾਰੀ

-ਹਰੀਸ਼ ਜੈਨ

ਭਗਤ ਸਿੰਘ ਨੇ ਆਪਣੀ ਨਿੱਜੀ ਜ਼ਿੰਦਗੀ ਬਾਰੇ ਸ਼ਾਇਦ ਹੀ ਕਦੇ ਕੁਝ ਲਿਖਿਆ ਹੋਵੇ। ਉਸ ਵੱਲੋਂ ਲਿਖੇ ਗਏ ਲੇਖ 'ਮੈਂ ਨਾਸਤਿਕ ਕਿਉਂ ਹਾਂ' ਤੋਂ ਸਾਨੂੰ ਉਸ ਦੇ ਨਿੱਜ ਦੇ ਕੁਝ ਝਲਕਾਰੇ ਜ਼ਰੂਰ ਮਿਲਦੇ ਹਨ। ਇਸ ਲੇਖ ਵਿੱਚ ਆਪਣੀ ਪਹਿਲੀ ਗ੍ਰਿਫਤਾਰੀ ਬਾਰੇ ਉਹ ਲਿਖਦਾ ਹੈ, 'ਮਈ 1927 ਵਿੱਚ ਮੈਨੂੰ ਲਾਹੌਰ ਤੋਂ ਗ੍ਰਿਫਤਾਰ ਕੀਤਾ ਗਿਆ। ਚਾਣਚੱਕ ਹੋਈ ਇਸ ਗ੍ਰਿਫਤਾਰੀ ਤੋਂ ਮੈਂ ਖੁਦ ਵੀ ਹੈਰਾਨ ਸੀ। ਮੈਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਸੀ ਕਿ ਪੁਲਸ ਵੱਲੋਂ ਮੇਰੀ ਭਾਲ ਕੀਤੀ ਜਾ ਰਹੀ ਹੈ। ਮੈਂ ਇੱਕ ਬਾਗ ਵਿੱਚੋਂ ਗੁਜ਼ਰ ਰਿਹਾ ਸੀ ਕਿ ਅਚਾਨਕ ਪੁਲਸ ਨੇ ਮੈਨੂੰ ਘੇਰਾ ਪਾ ਲਿਆ। ਮੈਂ ਖੁਦ ਹੈਰਾਨ ਸੀ ਕਿ ਇਸ ਮੌਕੇ ਮੈਂ ਇਕਦਮ ਸ਼ਾਂਤ ਸੀ ਤੇ ਮੈਨੂੰ ਜ਼ਰਾ ਜਿੰਨੀ ਵੀ ਕੋਈ ਘਬਰਾਹਟ ਨਹੀਂ ਸੀ ਹੋਈ।' ਇਥੇ ਸੁਆਲ ਹੈ ਕਿ ਇਨ੍ਹਾਂ ਹਾਲਾਤ ਵਿੱਚ ਉਹ ਕਿਵੇਂ ਇੰਨਾ ਸ਼ਾਂਤ ਚਿੱਤ ਰਹਿ ਸਕਦਾ ਸੀ? ਤੇ ਉਸ ਨੂੰ ਕਿਉਂ ਨਹੀਂ ਸੀ ਲੱਗਦਾ ਕਿ ਪੁਲਸ ਵੱਲੋਂ ਉਸ ਦੀ ਭਾਲ ਕੀਤੀ ਜਾਵੇਗੀ, ਕਿਉਂਕਿ ਉਸ ਨੂੰ ਇਹ ਪਤਾ ਸੀ ਕਿ ਕਾਫੀ ਸਮੇਂ ਤੋਂ ਸਰਕਾਰ ਵੱਲੋਂ ਉਸ ਦੀਆਂ ਸਰਗਰਮੀਆਂ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਸੀ। ਇਸ ਗੱਲ ਦੀ ਮੈਂ (ਲੇਖਕ) ਵੱਖਰੇ ਤੌਰ 'ਤੇ ਵਿਆਖਿਆ ਕਰ ਚੁੱਕਾ ਹਾਂ।

ਇਸ ਗ੍ਰਿਫਤਾਰੀ ਬਾਰੇ ਉਸ ਦੇ ਛੋਟੇ ਭਰਾ ਰਣਬੀਰ ਸਿੰਘ ਦੇ ਕੁਝ ਕਾਗਜ਼ਾਤ ਵਿੱਚ ਕੁਝ ਹੋਰ ਵੇਰਵੇ ਮਿਲਦੇ ਹਨ। ਉਸ ਨੇ ਆਪਣੇ ਵੱਡੇ ਭਰਾ ਭਗਤ ਸਿੰਘ ਬਾਰੇ ਬੜੇ ਤਰੱਦਦ ਨਾਲ ਵੱਖ ਵੱਖ ਸਰੋਤਾਂ ਤੋਂ ਜਾਣਕਾਰੀਆਂ ਇਕੱਤਰ ਕੀਤੀਆਂ। ਭਗਤ ਸਿੰਘ ਨੂੰ ਜਿਸ ਵੇਲੇ ਫਾਹੇ ਲਾਇਆ ਗਿਆ, ਉਦੋਂ ਉਹ ਮਸਾਂ ਛੇ ਸਾਲਾਂ ਦਾ ਸੀ। ਉਸ ਨੂੰ ਵੀ ਆਪਣੇ ਵੱਡੇ ਭਰਾਵਾਂ ਕੁਲਤਾਰ ਸਿੰਘ ਤੇ ਕੁਲਬੀਰ ਸਿੰਘ ਨਾਲ ਉਦੋਂ ਤੱਕ ਪੁਲਸ ਦੀਆਂ ਧੱਕੇਸ਼ਾਹੀਆਂ ਦਾ ਸ਼ਿਕਾਰ ਹੋਣਾ ਪਿਆ, ਜਦੋਂ ਤੱਕ ਦੇਸ਼ ਆਜ਼ਾਦ ਨਹੀਂ ਹੋ ਗਿਆ। ਹਾਲ ਹੀ ਵਿੱਚ ਮੈਨੂੰ ਰਣਬੀਰ ਸਿੰਘ ਦੇ ਕੁਝ ਕਾਗਜਾਂ ਤੋਂ ਗੁਜ਼ਰਨ ਦਾ ਮੌਕਾ ਮਿ-ਲਿਆ ਹੈ। ਇਨ੍ਹਾਂ ਕਾਗਜ਼ਾਂ ਵਿੱਚ ਉਹ ਇਸ ਗ੍ਰਿਫਤਾਰੀ ਬਾਰੇ ਲਿਖਦਾ ਹੈ, "ਭਗਤ ਸਿੰਘ ਨੂੰ ਲਾਹੌਰ ਦੇ ਰੋਸ਼ਨੀ ਗੇਟ ਨੇੜਿਓਂ ਗ੍ਰਿਫਤਾਰ ਕੀਤਾ ਗਿਆ ਅਤੇ ਜਦੋਂ ਪੁਲਸ ਵਾਲੇ ਉਸ ਨੂੰ ਟਾਂਗੇ ਵਿੱਚ ਬਿਠਾ ਕੇ ਲਿਜਾ ਰਹੇ ਸਨ ਤਾਂ ਉਸ ਦੇ ਇੱਕ ਮਿੱਤਰ ਨੇ ਉਸ ਨੂੰ ਦੇਖ ਲਿਆ ਅਤੇ ਉਹ ਸਾਈਕਲ 'ਤੇ ਟਾਂਗੇ ਦੇ ਪਿੱਛੇ ਹੋ ਤੁਰਿਆ। ਭਗਤ ਸਿੰਘ ਨੇ ਜਦੋਂ ਉਸ ਨੂੰ ਆਪਣੇ ਪਿੱਛੇ ਆਉਂਦੇ ਦੇਖਿਆ ਤਾਂ ਉਸ ਨੂੰ ਕਿਹਾ, 'ਭਾਈ, ਇਸ ਤਰ੍ਹਾਂ ਮੇਰੇ ਪਿੱਛੇ ਆਉਣ ਦਾ ਕੋਈ ਫਾਇਦਾ ਨਹੀਂ, ਜੇ ਮੇਰੇ ਘਰ ਵਾਲਿਆਂ ਨੂੰ ਖਬਰ ਕਰ ਦੇਵੇਂ ਤਾਂ ਬੜੀ ਮਿਹਰਬਾਨੀ ਹੋਵੇਗੀ।' ਭਗਤ ਸਿੰਘ ਦੇ ਕਹਿਣ 'ਤੇ ਉਹ ਮੁੰਡਾ ਸਿੱਧਾ ਸਾਡੇ ਪਿੰਡ ਝੁੱਗੀਆਂ ਖਾਸਰੀਆਂ ਵੱਲ ਹੋ ਤੁਰਿਆ, ਜੋ ਲਾਹੌਰ ਤੋਂ ਕੋਈ ਪੰਜ-ਛੇ ਮੀਲ ਪੈਂਦਾ ਸੀ।"

ਰਣਬੀਰ ਸਿੰਘ ਉਸ ਘਟਨਾ ਨੂੰ ਯਾਦ ਕਰਦਿਆਂ ਦੱਸਦਾ ਹੈ ਕਿ ਉਸ ਦੇ ਪਿਤਾ ਕ੍ਰਿਸ਼ਨ ਸਿੰਘ ਨੇ ਉਸ ਨੂੰ ਦੱਸਿਆ ਸੀ, 'ਉਹ ਮੁੰਡਾ ਮੇਰੇ ਕੋਲ ਪਿੰਡ ਆਇਆ ਅਤੇ ਉਸ ਨੇ ਮੈਨੂੰ ਪਾਸੇ ਲਿਜਾ ਕੇ ਦੱਸਿਆ ਕਿ ਪੁਲਸ ਭਗਤ ਸਿੰਘ ਨੂੰ ਗ੍ਰਿਫਤਾਰ ਕਰ ਕੇ ਕਿਸੇ ਅਣਜਾਣੀ ਥਾਂ ਲੈ ਗਈ। ਉਸ ਨੂੰ ਇਹ ਵੀ ਪਤਾ ਨਹੀਂ ਕਿ ਪੁਲਸ ਨੇ ਉਸ ਨੂੰ ਕਿਸ ਮਾਮਲੇ ਵਿੱਚ ਫੜਿਆ ਹੈ। ਉਸ ਮੁੰਡੇ ਨੇ ਮੈਨੂੰ ਵਾਰ-ਵਾਰ ਕਿਹਾ ਕਿ ਭਗਤ ਸਿੰਘ ਨੂੰ ਛੁਡਾਉਣ ਲਈ ਮੈਨੂੰ ਛੇਤੀ ਤੋਂ ਛੇਤੀ ਲਾਹੌਰ ਪਹੁੰਚਣਾ ਚਾਹੀਦਾ ਹੈ।' ਪਿਤਾ ਦੇ ਹਵਾਲੇ ਨਾਲ ਰਣਬੀਰ ਸਿੰਘ ਅੱਗੇ ਲਿਖਦਾ ਹੈ, 'ਉਸ ਦਿਨ ਲਾਹੌਰ ਵਿੱਚ ਸਿੱਖਾਂ ਦਾ ਮਸ਼ਹੂਰ ਜੋੜ ਮੇਲਾ ਸੀ। ਸਾਰੇ ਪਰਵਾਰ ਨੇ ਇਸ ਮੇਲੇ ਵਿੱਚ ਜਾਣ ਦੀ ਤਿਆਰੀ ਕੀਤੀ ਹੋਈ ਸੀ। ਘਰ ਵਿੱਚ ਵੰਨ-ਸੁਵੰਨੇ ਪਕਵਾਨ ਬਣੇ ਹੋਏ ਸਨ ਤੇ ਦਾਅਵਤ ਵਰਗਾ ਮਾਹੌਲ ਸੀ। ਇਹ ਖਬਰ ਸੁਣਦਿਆਂ ਹੀ ਮੈਂ ਸੋਚਿਆ ਕਿ ਜੇ ਭਗਤ ਸਿੰਘ ਦੀ ਗ੍ਰਿਫਤਾਰੀ ਦੀ ਖਬਰ ਉਸ ਦੀ ਮਾਤਾ ਤੱਕ ਪੁੱਜ ਗਈ ਤਾਂ ਫਿਕਰਾਂ 'ਚ ਡੁੱਬ ਜਾਵੇਗੀ। ਇਸ ਦੇ ਨਾਲ ਮੇਰੇ ਮਨ ਵਿੱਚ ਇਹ ਵਿਚਾਰ ਆਇਆ ਕਿ ਉਹ ਜਦੋਂ ਸਾਰੇ ਟੱਬਰ ਨਾਲ ਲਾਹੌਰ ਮੇਲੇ 'ਤੇ ਗਈ ਤਾਂ ਇਹ ਖਬਰ ਉਸ ਨੂੰ ਉਥੇ ਮਿਲ ਜਾਣੀ ਹੈ। ਮੈਂ ਉਸ ਨੂੰ ਮੇਲੇ 'ਤੇ ਜਾਣ ਤੋਂ ਰੋਕ ਦਿੱਤਾ ਅਤੇ ਕਿਹਾ ਕਿ ਮੈਂ ਲਾਹੌਰ ਕਿਸੇ ਜ਼ਰੂਰੀ ਕੰਮ ਚੱਲਿਆ ਹਾਂ। ਇਸ ਤਰ੍ਹਾਂ ਮੈਂ ਭਗਤ ਸਿੰਘ ਦੀ ਗ੍ਰਿਫਤਾਰੀ ਬਾਰੇ ਪਤਾ ਕਰਨ ਤੇ ਉਸ ਦੀ ਰਿਹਾਈ ਬਾਰੇ ਕੋਈ ਚਾਰਾ ਕਰਨ ਲਈ ਲਾਹੌਰ ਚਲਾ ਗਿਆ।'

ਭਗਤ ਸਿੰਘ ਬਾਰੇ ਵੱਖ-ਵੱਖ ਲਿਖਤਾਂ ਤੋਂ ਸਾਨੂੰ ਇਸ ਗ੍ਰਿਫਤਾਰੀ ਨਾਲ ਜੁੜੀ ਸਿਰਫ ਇੱਕ ਘਟਨਾ ਦੀ ਜਾਣਕਾਰੀ ਮਿਲਦੀ ਹੈ। ਵੀਰੇਂਦਰ ਸਿੰਧੂ ਆਪਣੀ ਪੁਸਤਕ 'ਯੁੱਗਦ੍ਰਸ਼ਟਾ ਭਗਤ ਸਿੰਘ' ਵਿੱਚ ਭਗਤ ਸਿੰਘ ਦੇ ਗ੍ਰਿਫਤਾਰੀ ਤੋਂ ਬਚਣ ਨੂੰ ਕੁਝ ਇਉਂ ਬਿਆਨਦੀ ਹੈ: 'ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਬਾਹਰ ਨਿਕਲਣ ਵੇਲੇ ਭਗਤ ਸਿੰਘ ਨੇ ਮਹਿਸੂਸ ਕੀਤਾ ਕਿ ਉਸ ਦਾ ਪਿੱਛਾ ਕੀਤਾ ਜਾ ਰਿਹਾ ਹੈ। ਭਗਤ ਸਿੰਘ ਕੋਲ ਉਸ ਵੇਲੇ ਪਿਸਤੌਲ ਸੀ ਅਤੇ ਉਸ ਲਈ ਜ਼ਰੂਰੀ ਸੀ ਕਿ ਉਹ ਇਸ ਵੇਲੇ ਕਿਸੇ ਵੀ ਤਰੀਕੇ ਗ੍ਰਿਫਤਾਰੀ ਤੋਂ ਬਚੇ। ਉਹ ਪੁਲਸ ਨੂੰ ਝਕਾਨੀ ਦੇਣ ਲਈ ਇਧਰੋਂ-ਉਧਰ ਘੁੰਮਦਾ-ਘੁਮਾਉਂਦਾ ਅੰਮ੍ਰਿਤਸਰ ਦੇ ਪੁਤਲੀਘਰ ਇਲਾਕੇ ਦੀ ਇੱਕ ਭੀੜੀ ਗਲੀ ਵਿੱਚ ਕਿਸੇ ਅਣਜਾਣ ਘਰ ਵਿੱਚ ਦਾਖਲ ਹੋ ਗਿਆ। ਇਹ ਘਰ ਐਡਵੋਕੇਟ ਸਰਦੂਲ ਸਿੰਘ ਦਾ ਸੀ।' ਸਰਦੂਲ ਸਿੰਘ ਇਸ ਬਾਰੇ ਕੁਝ ਇਉਂ ਦੱਸਦੇ ਹਨ, 'ਇੱਕ ਨੌਜਵਾਨ ਘਬਰਾਇਆ ਹੋਇਆ ਮੇਰੇ ਘਰ ਆ ਵੜਿਆ। ਉਹ ਭਗਤ ਸਿੰਘ ਸੀ। ਉਸ ਨੇ ਮੈਨੂੰ ਆਪਣੀ ਪਛਾਣ ਜ਼ਾਹਰ ਕਰਦਿਆਂ ਕਿਹਾ, 'ਪੁਲਸ ਵਾਲੇ ਮੇਰੇ ਪਿੱਛੇ ਲੱਗੇ ਹੋਏ ਹਨ। ਮੇਰੀ ਜੇਬ ਵਿੱਚ ਪਿਸਤੌਲ ਹੈ। ਜੇ ਮੈਂ ਇਸ ਵੇਲੇ ਗ੍ਰਿਫਤਾਰ ਹੋ ਗਿਆ ਤਾਂ ਬਹੁਤ ਸਾਰੇ ਕਰਨ ਵਾਲੇ ਕੰਮ ਰੁਕ ਜਾਣਗੇ।' ਉਸ ਦੀ ਗੱਲ ਸੁਣ ਕੇ ਮੈਂ ਉਸ ਤੋਂ ਪਿਸਤੌਲ ਲੈ ਕੇ ਆਪਣੇ ਦਰਾਜ ਵਿੱਚ ਰੱਖ ਲਿਆ। ਮੈਂ ਜਦੋਂ ਘਰੋਂ ਬਾਹਰ ਨਿਕਲ ਕੇ ਦੇਖਿਆ ਤਾਂ ਉਥੇ ਸਾਦੇ ਕੱਪੜਿਆਂ ਵਿੱਚ ਕੁਝ ਪੁਲਸ ਵਾਲੇ ਮੈਨੂੰ ਨਜ਼ਰ ਪਏ। ਉਹ ਕਿਸੇ ਨੌਜਵਾਨ ਬਾਰੇ ਪੁੱਛ ਰਹੇ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਅਜਿਹੇ ਕਿਸੇ ਮੁੰਡੇ ਨੂੰ ਇਧਰ ਆਉਂਦੇ ਨਹੀਂ ਦੇਖਿਆ। ਮੈਂ ਉਨ੍ਹਾਂ ਨੂੰ 'ਕਿਰਤੀ' ਦੇ ਦਫਤਰ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਉਸ ਪਾਸੇ ਦੇਖ ਲੈਣਾ ਚਾਹੀਦਾ ਹੈ। ਪੁਲਸ ਵਾਲੇ ਮੇਰੀ ਗੱਲ ਨਾਲ ਸਹਿਮਤ ਹੁੰਦਿਆਂ 'ਕਿਰਤੀ' ਦੇ ਦਫਤਰ ਵੱਲ ਤੁਰ ਗਏ।" ਵੀਰੇਂਦਰ ਸਿੰਧੂ ਇਸੇ ਸੰਦਰਭ ਵਿੱਚ ਅੱਗੇ ਲਿਖਦੀ ਹੈ ਕਿ ਭਗਤ ਸਿੰਘ ਨੂੰ ਜਦੋਂ ਲੱਗਾ ਕਿ



ਖਤਰਾ ਟਲ ਗਿਆ ਹੈ ਤਾਂ ਉਹ ਐਡਵੋਕੇਟ ਸਰਦੂਲ ਸਿੰਘ ਦੇ ਘਰੋਂ ਨਿਕਲ ਤੁਰਿਆ, ਪਰ ਚੌਕਸੀ ਵਜੋਂ ਉਸ ਨੇ ਉਹ ਪਿਸਤੌਲ ਉਥੇ ਛੱਡ ਦਿੱਤਾ। ਇਥੋਂ ਉਹ ਛੇਹਰਟਾ ਰੇਲਵੇ ਸਟੇਸ਼ਨ 'ਤੇ ਪੁੱ-ਜਆ ਜਿੱਥੋਂ ਅੱਗਿਓਂ ਉਸ ਨੇ ਲਾਹੌਰ ਦੀ ਗੱਡੀ ਫੜ ਲਈ। ਲਾਹੌਰ ਪਹੁੰਚ ਕੇ ਉਹ ਫੜਿਆ ਗਿਆ ਜਿਸ ਦਾ ਜ਼ਿਕਰ ਇਥੇ ਕੀਤਾ ਗਿਆ ਹੈ।' ਆਪਣੀ ਪੁਸਤਕ ਵੀਰੇਂਦਰ ਸਿੰਧੂ ਇਸ ਸਾਰੀ ਘਟਨਾ ਦਾ ਜ਼ਿਕਰ ਆਪਣੇ ਚਾਚੇ ਰਣਬੀਰ ਸਿੰਘ ਦੇ ਹਵਾਲੇ ਨਾਲ ਕਰਦੀ ਹੈ। ਉਸ ਦਾ ਇਹ ਹਵਾਲਾ ਦਰੁਸਤ ਜਾਪਦਾ ਹੈ, ਕਿਉਂਕਿ ਰਣਬੀਰ ਸਿੰਘ ਦੇ ਕਾਗਜ਼ਾਂ ਵਿੱਚ ਵੀ ਇਸ ਘਟਨਾ ਦਾ ਜ਼ਿਕਰ ਵੀ ਇਉਂ ਹੀ ਕੀਤਾ ਗਿਆ ਮਿਲਦਾ ਹੈ।

ਭਗਤ ਸਿੰਘ ਦੇ ਲਗਭਗ ਸਾਰੇ ਜੀਵਨੀਕਾਰਾਂ ਅਤੇ ਉਸ ਨਾਲ ਸੰਬੰਧਤ ਹੋਰ ਕੁਝ ਵੀ ਲਿਖਣ ਵਾਲਿਆਂ ਨੇ ਇਹ ਘਟਨਾ ਇਸ ਕਿਤਾਬ 'ਚੋਂ ਇੰਨ-ਬਿੰਨ ਹੀ ਚੁੱਕ ਲਈ ਹੈ। ਭਗਤ ਸਿੰਘ ਦੀ ਪਹਿਲੀ ਗ੍ਰਿਫਤਾਰੀ ਬਾਰੇ ਇਸ ਤੋਂ ਇਲਾਵਾ ਕਿਧਰੇ ਹੋਰ ਕੋਈ ਵੇਰਵਾ ਨਹੀਂ ਮਿਲਦਾ, ਪਰ ਦਿਲਚਸਪ ਗੱਲ ਇਹ ਹੈ ਕਿ ਉਸ ਦੀ ਗ੍ਰਿਫਤਾਰੀ ਦੇ ਇਹ ਵੇਰਵੇ (ਲੇਖ ਦੇ ਪਹਿਲੇ ਪੈਰੇ ਵਿੱਚ ਭਗਤ ਸਿੰਘ ਵੱਲੋਂ ਆਪਣੇ ਦੱਸੇ ਅਨੁਸਾਰ) ਭਗਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਵੱਲੋਂ ਬਿਆਨ ਕੀਤੇ ਹਾਲਾਤ ਨਾਲ ਮੇਲ ਨਹੀਂ ਖਾਂਦੇ। ਇਸ ਤੋਂ ਵੀ ਅਗਾਂਹ ਐਡਵੋਕੇਟ ਸਰਦੂਲ ਸਿੰਘ ਵੱਲੋਂ ਇਸ ਘਟਨਾ ਬਾਰੇ ਬਿਆਨੇ ਤੱਥ ਭਗਤ ਸਿੰਘ ਤੇ ਕਿਸ਼ਨ ਸਿੰਘ ਵੱਲੋਂ ਦੱਸੀਆਂ ਗੱਲਾਂ ਦੇ ਉਲਟ ਖੜੋਂਦੇ ਹਨ। ਇਸ ਤੋਂ ਇਲਾਵਾ ਭਗਤ ਸਿੰਘ ਉਸ ਸਮੇਂ ਆਪਣੇ ਪਰਵਾਰ ਵਿੱਚ ਰਹਿ ਰਿਹਾ ਸੀ ਅਤੇ ਪਰਵਾਰਕ ਕੰਮਾਂ 'ਚ ਹੱਥ ਵਟਾ ਰਿਹਾ ਸੀ ਜਿਸ ਕਾਰਨ ਉਸ ਸਮੇਂ ਉਸ ਕੋਲ ਹਥਿਆਰ ਰੱਖਣ ਦੀ ਕੋਈ ਸੰਭਾਵਨਾ ਨਹੀਂ ਲੱਗਦੀ। ਅਜਿਹਾ ਕੋਈ ਹੋਰ ਸਬੂਤ ਵੀ ਨਹੀਂ ਮਿਲਦਾ ਕਿ ਉਨ੍ਹਾਂ ਦਿਨਾਂ ਵਿੱਚ ਭਗਤ ਸਿੰਘ ਜਾਂ ਉਸ ਦੇ ਸਾਥੀਆਂ ਕੋਲ ਕੋਈ ਵੀ ਹਥਿਆਰ ਹੋਣ।

ਗ੍ਰਿਫਤਾਰੀ ਮਗਰੋਂ ਭਗਤ ਸਿੰਘ ਨੂੰ ਲੱਭਣ ਵਿੱਚ ਸ੍ਰ. ਕਿਸ਼ਨ ਸਿੰਘ ਨਾਕਾਮ ਰਹੇ। ਉਨ੍ਹਾਂ ਨੂੰ ਇਹ ਵੀ ਪਤਾ ਨਾ ਲੱਗਾ ਕਿ ਭਗਤ ਸਿੰਘ ਨੂੰ ਕਿਉਂ ਗ੍ਰਿਫਤਾਰ ਕੀਤਾ ਗਿਆ ਅਤੇ ਗ੍ਰਿਫਤਾਰੀ ਮਗਰੋਂ ਕਿੱਥੇ ਲਿਜਾਇਆ ਗਿਆ ਹੈ। ਉਹ ਭਾਵੇਂ ਬਹੁਤੇ ਅਮੀਰ ਨਹੀਂ ਸਨ, ਪਰ ਸਾਧਨਹੀਣ ਵੀ ਨਹੀਂ ਸਨ। ਉਹ ਉਘੇ ਕਾਂਗਰਸੀ ਸਨ ਜਿਨ੍ਹਾਂ ਦਾ ਪ੍ਰਭਾਵਸ਼ਾਲੀ ਲੋਕਾਂ ਨਾਲ ਚੰਗਾ ਰਸੂਖ ਸੀ, ਪਰ ਇਸ ਮਾਮਲੇ ਵਿੱਚ ਕੋਈ ਉਨ੍ਹਾਂ ਦੀ ਮਦਦ ਨਾ ਕਰ ਸਕਿਆ। ਕਿਸ਼ਨ ਸਿੰਘ ਵੱਲੋਂ 19 ਜੂਨ 1927 ਨੂੰ ਆਪਣੇ ਪਿਤਾ ਅਰਜੁਨ ਸਿੰਘ ਨੂੰ ਲਿਖੀ ਚਿੱਠੀ ਤੋਂ ਇੱਕ ਬਾਪ ਦੀ ਬੇਵੱਸੀ ਝਲਕਦੀ ਹੈ। ਇਸ ਚਿੱਠੀ ਵਿੱਚ ਕਿਸ਼ਨ ਸਿੰਘ ਲਿਖਦੇ ਹਨ: 'ਪੁਲਸ ਅਫਸਰਾਂ ਨੇ ਮੈਨੂੰ ਇਹ ਕਿਹਾ ਸੀ ਕਿ ਉਹ ਮੁਲਾਕਾਤ ਤੋਂ 24 ਘੰਟੇ ਪਹਿਲਾਂ ਸੂਚਨਾ ਦੇਣਗੇ। ਅਸੀਂ ਉਥੇ ਗਏ ਵੀ, ਪਰ ਸਾਨੂੰ ਕੋਈ ਸੂਚਨਾ ਨਹੀਂ ਮਿਲੀ ਤੇ ਅੱਜ ਤੱਕ ਉਨ੍ਹਾਂ ਨੇ ਨਾ ਭਗਤ ਸਿੰਘ ਨਾਲ ਮੁਲਾਕਾਤ ਦਾ ਮੌਕਾ ਦਿੱਤਾ ਏ ਤੇ ਨਾ ਉਨ੍ਹਾਂ ਨੇ ਇਹ ਦੱਸਿਆ ਏ ਕਿ ਭਗਤ ਸਿੰਘ ਨੂੰ ਕਿੱਥੇ ਰੱਖਿਆ ਹੋਇਆ ਏ। ਪਤਾ ਨਹੀਂ ਪੁਲਸ ਉਸ ਨੂੰ ਕਿੱਥੇ ਲੈ ਗਈ ਏ। ਮੈਨੂੰ ਹਾਲੇ ਤੱਕ ਇਹ ਵੀ ਨਹੀਂ ਪਤਾ ਕਿ ਉਹਨੂੰ ਕਿਹੜੇ ਅਪਰਾਧ 'ਚ ਫੜਿਆ ਏ। ਹਾਲੇ ਤੱਕ ਮੈਂ ਅੰਦਾਜ਼ੇ ਹੀ ਲਾਈ ਜਾਂਦਾ ਹਾਂ, ਪਰ ਅੰਦਾਜ਼ਿਆਂ ਦਾ ਕੋਈ ਆਧਾਰ ਨਹੀਂ ਹੁੰਦਾ। ਉਹ ਬਹੁਤੇ ਪੱਕੇ ਨਹੀਂ ਨਿਕਲਦੇ।'

ਇਸ ਤਰ੍ਹਾਂ ਭਗਤ ਸਿੰਘ ਦੀ ਗ੍ਰਿਫਤਾਰੀ ਤੋਂ ਬਾਅਦ 20 ਦਿਨਾਂ ਤੱਕ ਪਰਵਾਰ ਨੂੰ ਇਹ ਨਹੀਂ ਸੀ ਪਤਾ ਕਿ ਪੁਲਸ ਨੇ ਭਗਤ ਸਿੰਘ ਨੂੰ ਫੜ ਕੇ ਕਿੱਥੇ ਰੱਖਿਆ ਹੈ। ਉਹ ਮਹਿਜ਼ ਕਿਆਸ ਅਰਾਈਆਂ ਲਾ ਰਹੇ ਸਨ ਕਿ ਉਸ ਨੂੰ ਕਿੱਥੇ ਰੱਖਿਆ ਹੋ ਸਕਦਾ ਹੈ। ਸ੍ਰ. ਕਿਸ਼ਨ ਸਿੰਘ ਇਸ ਸਿਲਸਿਲੇ 'ਚ ਤਾਜ਼ਾ ਘਟਨਾਕ੍ਰਮ ਬਾਰੇ ਆਪਣੇ ਪਿਤਾ ਨੂੰ ਜਾਣੂ ਕਰਵਾਉਂਦਿਆਂ ਅੱਗੇ ਲਿਖਦੇ ਹਨ : 'ਪੁਲਸ ਵਾਲਿਆਂ ਨੇ ਉਹਦੇ ਲਈ ਕੱਪੜੇ ਬਣਵਾਏ ਸਨ। ਉਨ੍ਹਾਂ ਦਾ ਬਿੱਲ ਮੈਂ ਤਾਰ ਦਿੱਤਾ। ਹਾਲੇ ਕੁਝ ਦਿਨ ਹੋਏ ਕਿ ਪੁਲਸ ਅਫਸਰਾਂ ਨੇ ਉਹਦੇ ਲਈ ਹੋਰ ਕੱਪੜੇ ਮੰਗ ਲਏ। ਉਹ ਵੀ ਪੁਚਾ ਦਿੱਤੇ ਗਏ ਨੇ। ਕੱਲ੍ਹ ਡਿਪਟੀ ਕਮਿਸ਼ਨਰ ਲਾਹੌਰ ਨੂੰ ਅਰਜ਼ੀ ਦਿੱਤੀ ਸੀ ਕਿ ਉਹਨੂੰ ਕਿਸੇ ਅਦਾਲਤ ਵਿੱਚ ਪੇਸ਼ ਕਰ ਕੇ ਰਿਮਾਂਡ ਮਤਲਬ ਤਰੀਕ ਲਈ ਜਾਵੇ। ਇਸ ਲਈ ਮੁਕੱਦਮੇ ਦੀ ਤਿਆਰੀ ਹੋਣ ਤੱਕ ਜ਼ਮਾਨਤ 'ਤੇ ਛੱਡ ਦਿੱਤਾ ਜਾਵੇ ਜਾਂ ਉਹਨੂੰ ਜੇਲ੍ਹ ਦੇ ਕਿਸੇ ਹਵਾਲਾਤ 'ਚ ਪੁਚਾ ਦਿੱਤਾ ਜਾਵੇ, ਜਿੱਥੇ ਉਹਦੇ ਨਾਲ ਹਫਤੇ 'ਚ ਦੋ ਦਿਨ ਮੁਲਾਕਾਤ ਕੀਤੀ ਜਾ ਸਕੇ। ਇਸ 'ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਰਿਮਾਂਡ ਲੈ ਲਿਆ ਗਿਆ ਹੈ। ਉਹਨੂੰ 20 ਜੂਨ ਨੂੰ ਪੇਸ਼ ਕਰਨ ਲਈ ਕਿਹਾ ਗਿਆ ਹੈ। ਕੱਲ੍ਹ ਨੂੰ ਅਸੀਂ ਉਥੇ ਜਾਣਾ ਹੈ।' ਇਸ ਤਰ੍ਹਾਂ ਅਖੀਰ ਪਰਵਾਰ ਨੂੰ ਆਪਣੇ ਪੁੱਤਰ ਦਾ ਮੂੰਹ ਦੇਖਣ ਦੀ ਆਸ ਬੱਝ ਗਈ ਲੱਗਦੀ ਹੈ। ਪਰਵਾਰ ਨੂੰ ਪਿਛਲੇ ਤਿੰਨ ਹਫਤਿਆਂ ਤੋਂ ਆਪਣੇ ਪੁੱਤਰ ਦੀ ਕੋਈ ਉਘ-ਸੁੱਘ ਨਹੀਂ ਸੀ।

ਇਸ ਸਿਲਸਿਲੇ 'ਚ ਅਗਲੀ ਗੱਲ ਤੋਰਨ ਲਈ ਸਾਨੂੰ ਵੀਰੇਂਦਰ ਸਿੰਧੂ ਅਤੇ ਸਾਨਿਆਲ ਦੇ ਜ਼ਿਕਰ ਦੀ ਲੋੜ ਹੈ। ਸਿੰਧੂ ਲਿਖਦੀ ਹੈ ਕਿ ਸ੍ਰ. ਕਿਸ਼ਨ ਸਿੰਘ ਦੇ ਯਤਨਾਂ ਅਤੇ ਲਾਹੌਰ ਹਾਈ ਕੋਰਟ ਦੇ ਦਖਲ ਨਾਲ ਕੋਈ ਇੱਕ ਮਹੀਨੇ ਮਗਰੋਂ ਭਗਤ ਸਿੰਘ ਨੂੰ 60 ਹਜ਼ਾਰ ਰੁਪਏ ਜ਼ਮਾਨਤ ਦੇ ਕੇ ਰਿਹਾਅ ਕਰਵਾਇਆ ਗਿਆ। ਉਨ੍ਹੀਂ ਦਿਨੀਂ ਇਹ ਬਹੁਤ ਵੱਡੀ ਰਕਮ ਮੰਨੀ ਜਾਂਦੀ ਸੀ। ਜੇ ਅਸੀਂ ਵੀਰਂਦਰ ਸਿੰਧੂ ਵੱਲੋਂ ਦੱਸੇ ਗਏ ਘਟਨਾਕ੍ਰਮ ਨੂੰ ਸਹੀ ਮੰਨ ਲਈਏ ਤਾਂ ਭਗਤ ਸਿੰਘ ਨੂੰ ਕੋਈ ਦੋ ਹਫਤੇ ਲਾਹੌਰ ਕਿਲ੍ਹੇ ਵਿੱਚ ਬੰਦ ਰੱਖਿਆ ਗਿਆ ਅਤੇ ਬਾਕੀ ਦੇ ਸਮੇਂ ਬੋਰਸਟਲ ਜੇਲ੍ਹ ਵਿੱਚ ਰੱਖਿਆ ਗਿਆ। ਸਿੰਧੂ ਦੱਸਦੀ ਹੈ ਕਿ ਜ਼ਮਾਨਤ ਦੀ ਰਕਮ ਦਾ ਪ੍ਰਬੰਧ ਸ੍ਰ. ਕਿਸ਼ਨ ਸਿੰਘ ਦੇ ਮਿੱਤਰ ਲਾਹੌਰ ਦੇ ਬੈਰਿਸਟਰ ਦੁਨੀ ਚੰਦ ਅਤੇ ਲਾਲਾ ਦੌਲਤ ਰਾਮ ਨੇ ਕੀਤਾ। ਦੋਵਾਂ ਨੇ ਤੀਹ-ਤੀਹ ਹਜ਼ਾਰ ਰੁਪਏ ਦਾ ਪ੍ਰਬੰਧ ਕੀਤਾ ਸੀ।

ਭਗਤ ਸਿੰਘ ਨੂੰ ਫਾਹੇ ਲਾਏ ਜਾਣ ਤੋਂ ਦੋ ਮਹੀਨਿਆਂ ਦੇ ਅੰਦਰ-ਅੰਦਰ ਸਾਨਿਆਲ ਵੱਲੋਂ ਲਿਖੀ ਉਸ ਦੀ ਜੀਵਨੀ ਮਈ 1931 ਵਿੱਚ ਪ੍ਰਕਾਸ਼ਿਤ ਹੋ ਗਈ ਸੀ। ਮੰਨਿਆ ਜਾਂਦਾ ਹੈ ਕਿ ਇਹ ਭਗਤ ਸਿੰਘ ਦੀ ਲਿਖੀ ਗਈ ਦੂਜੀ ਜੀਵਨੀ ਸੀ। ਸਾਨਿਆਲ ਦੇ ਖਿਲਾਫ ਭਗਤ ਸਿੰਘ ਦੇ ਨਾਲ ਲਾਹੌਰ ਸਾਜ਼ਿਸ਼ ਕੇਸ ਵਿੱਚ ਮੁਕੱਦਮਾ ਚੱਲਿਆ ਸੀ, ਪਰ ਅਦਾਲਤ ਨੇ ਉਸ ਨੂੰ ਇਸ ਕੇਸ ਤੋਂ ਬਰੀ ਕਰ ਦਿੱਤਾ ਸੀ। ਸਾਨਿਆਲ ਲਿਖਦਾ ਹੈ : 'ਮੈਜਿਸਟਰੇਟ ਮੂਹਰੇ ਪੇਸ਼ ਕਰਨ ਤੋਂ ਪਹਿਲਾਂ ਕਈ ਦਿਨ ਉਸ ਨੂੰ ਇਕੱਲੇ ਜੇਲ੍ਹ ਦੀ ਕੋਠੜੀ 'ਚ ਬੰਦ ਰੱਖਿਆ ਗਿਆ ਅਤੇ ਉਸ ਨੂੰ ਇਹ ਵੀ ਨਹੀਂ ਸੀ ਦੱਸਿਆ ਗਿਆ ਕਿ ਉਸ ਨੂੰ ਕਿਸ ਦੋਸ਼ ਅਧੀਨ ਫੜਿਆ ਗਿਆ ਹੈ। ਭਗਤ ਸਿੰਘ ਨੇ ਉਦੋਂ ਪਹਿਲੀ ਵਾਰ ਬੋਰਸਟਲ ਜੇਲ੍ਹ ਦੇਖੀ ਸੀ ਅਤੇ ਇਸ ਤੋਂ ਢਾਈ ਸਾਲ ਮਗਰੋਂ ਇਥੇ ਹੀ ਉਸ ਨੇ ਤੇ ਉਸ ਦੇ ਸਾਥੀਆਂ ਨੇ ਜੇਲ੍ਹ ਸੁਧਾਰਾਂ ਦੀ ਮੰਗ ਨੂੰ ਲੈ ਕੇ ਯਾਦਗਾਰੀ ਭੁੱਖ ਹੜਤਾਲ ਕੀਤੀ ਸੀ।' ਇਸ ਕੇਸ ਬਾਰੇ ਹੋਰ ਵੇਰਵਿਆਂ ਦੀ ਜਾਣਕਾਰੀ ਦਿੰਦਿਆਂ ਸਾਨਿਆਲ ਦੱਸਦਾ ਹੈ ਕਿ ਇਹ ਕੇਸ ਕਾਫੀ ਲੰਬਾ ਸਮਾਂ ਚੱਲਿਆ ਤੇ ਮੈਜਿਸਟਰੇਟ ਨੇ 60 ਹਜ਼ਾਰ ਰੁਪਏ ਦੀ ਜ਼ਮਾਨਤੀ ਰਾਸ਼ੀ 'ਤੇ ਭਗਤ ਸਿੰਘ ਨੂੰ ਛੱਡਣ ਦੇ ਹੁਕਮ ਸੁਣਾਏ। ਸਾਨਿ-ਆਲ ਅਨੁਸਾਰ ਉਸ ਦੇ ਪਰਵਾਰ ਲਈ ਇਸ ਰਾਸ਼ੀ ਦਾ ਪ੍ਰਬੰਧ ਕਰਨਾ ਬਹੁਤਾ ਔਖਾ ਨਹੀਂ ਸੀ। ਇਸੇ ਕੇਸ ਬਾਰੇ ਉਹ ਅੱਗੇ ਲਿਖਦਾ ਹੈ, "ਲੰਬੀ ਮੁਕੱਦਮੇਬਾਜ਼ੀ ਮਗਰੋਂ ਹਾਈ ਕੋਰਟ ਨੇ ਉਸ ਨੂੰ ਇਸ ਜ਼ਾਮਨੀ ਤੋਂ ਮੁਕਤ ਕਰ ਦਿੱਤਾ।"

ਸਾਨਿਆਲ ਦੀ ਲਿਖੀ ਜੀਵਨੀ 'ਭਗਤ ਸਿੰਘ' ਉੱਤੇ ਪ੍ਰਕਾਸ਼ਿਤ ਹੁੰਦਿਆਂ ਹੀ ਪਾਬੰਦੀ ਲਾ ਦਿੱਤੀ ਗਈ ਅਤੇ ਇਸ ਦੀਆਂ ਸਾਰੀਆਂ ਕਾਪੀਆਂ ਜ਼ਬਤ ਕਰ ਲਈਆਂ ਗਈਆਂ। 1947 ਵਿੱਚ ਇਸ ਨੇ ਉਦੋਂ ਰੋਸ਼ਨੀ ਦੇਖੀ ਜਦੋਂ ਇਸ ਦੇ ਕੁਝ ਸੋਧੇ ਗਏ ਆਧੁਨਿਕ ਐਡੀਸ਼ਨ ਦਾ ਹਿੰਦੀ ਅਨੁਵਾਦ ਪ੍ਰਕਾਸ਼ਤ ਹੋਇਆ। ਉਸ ਬਾਰੇ ਪਹਿਲੀ ਜੀਵਨੀ 1930 ਵਿੱਚ ਕਿਸੇ ਅਗਿਆਤ ਵਿਅਕਤੀ ਵੱਲੋਂ ਲਿਖੀ ਗਈ ਸੀ। ਮੈਂ ਇਹ ਜੀਵਨੀ ਲੱਭ ਲਈ, ਪਰ ਇਸ ਵਿੱਚ ਉਸ ਦੀ ਪਹਿਲੀ ਗ੍ਰਿਫਤਾਰੀ ਦਾ ਕੋਈ ਜ਼ਿਕਰ ਨਹੀਂ ਸੀ। ਇੱਕ ਹੋਰ ਜੀਵਨੀ ਉਸ ਦੇ ਸਾਥੀ ਰਾਮ ਦੁਲਾਰੇ ਤ੍ਰਿਵੇਦੀ ਵੱਲੋਂ ਲਿਖੀ ਗਈ, ਜੋ 1938 ਵਿੱਚ ਛਪੀ ਅਤੇ ਇਸ ਵਿੱਚ ਗ੍ਰਿਫਤਾਰੀ ਦਾ ਸੰਖੇਪ ਵਿੱਚ ਹਵਾਲਾ ਮਿਲਦਾ ਹੈ। ਦੇਸ਼ ਦੀ ਆਜ਼ਾਦੀ ਮਗਰੋਂ ਬੀ ਪੀ ਐੱਲ ਬੇਦੀ ਨੇ ਸ੍ਰ. ਕੁਲਬੀਰ ਸਿੰਘ ਨਾਲ ਮਿਲ ਕੇ ਇੱਕ ਹੋਰ ਜੀਵਨੀ ਲਿਖੀ, ਪਰ ਮੈਂ ਇਸ ਦੀ ਕਾਪੀ ਦੀ ਸੂਹ ਨਹੀਂ ਲਾ ਸਕਿਆ। ਇਸ ਲਈ ਸਾਡੀ ਚੋਣ ਵੀਰੇਂਦਰ ਅਤੇ ਸਾਨਿਆਲ ਵੱਲੋਂ ਲਿਖੀਆਂ ਗਈਆਂ ਜੀਵਨੀਆਂ ਤੱਕ ਹੀ ਸੀਮਿਤ ਰਹਿ ਜਾਂਦੀ ਹੈ, ਪਰ ਉਨ੍ਹਾਂ ਵੱਲੋਂ ਦਿੱਤੇ ਗਏ ਵਿਸਥਾਰ ਤੇ ਭਗਤ ਸਿੰਘ ਦੇ ਉਪਰੋਕਤ ਬਿਆਨ ਵਿੱਚ ਫਰਕ ਹੈ।

# ਸਰਟੀਫਿਕੇਟ ਲਈ ਜੱਦੋਜਹਿਦ

-ਲੋਕਨਾਥ ਸ਼ਰਮ

ਬੋਰਡ ਦੀ ਪ੍ਰੀਖਿਆ ਪਿੱਛੋਂ ਹਰ ਪ੍ਰੀਖਿਆਰਥੀ ਨੂੰ ਉਸ ਦੀ ਕਾਰਗੁਜ਼ਾਰੀ ਦੇ ਮੁਤਾਬਕ ਸਰਟੀਫਿਕੇਟ ਦਿੱਤਾ ਜਾਂਦਾ ਹੈ। ਜੇ ਕਿਸੇ ਕਾਰਨ ਸਰਟੀਫਿਕੇਟ ਗੁਆਚ ਜਾਵੇ ਤਾਂ ਛੇ ਸੌ ਰੁਪਏ ਦੀ ਬਣਦੀ ਫੀਸ ਜਮ੍ਹਾ ਕਰ ਕੇ ਹਫਤੇ ਦਸ ਦਿਨ ਵਿੱਚ ਡੁਪਲੀਕੇਟ ਸਰਟੀਫਿਕੇਟ ਮਿਲ ਜਾਂਦਾ ਹੈ, ਬਸ਼ਰਤੇ ਉਸ ਵਿੱਚ ਤਕਨੀਕੀ ਗਲਤੀ ਨਾ ਹੋਵੇ। ਚੰਗੀ ਗੱਲ ਹੈ ਕਿ ਫਾਰਮ ਜਮ੍ਹਾ ਕਰਾਉਣ ਮੌਕੇ ਉਸ ਦੇ ਹਰ ਕਾਲਮ ਨੂੰ ਚੰਗੀ ਤਰ੍ਹਾਂ ਚੈਕ ਕਰ ਲਿਆ ਜਾਵੇ ਤਾਂ ਜੋ ਚਿੱਠੀ ਪੱਤਰੀ ਰਾਹੀਂ ਅਣਲੋੜੀਂਦੀ ਦੇਰੀ ਨਾ ਹੋਵੇ। ਬਦਕਿਸਮਤੀ ਨੂੰ ਅਜਿਹਾ ਨਹੀਂ ਹੁੰਦਾ। ਮੈਨੂੰ ਬੋਰਡ ਆਫ ਡਾਇਰੈਕਟਰ ਵਜੋਂ ਲਗਾਤਾਰ ਚਾਰ ਸਾਲ ਬੋਰਡ ਦੇ ਕੰਮਾਂ ਨੂੰ ਜਾਂਚਣ ਵਾਚਣ ਤੇ ਨੇੜਿਓਂ ਦੇਖਣ ਦਾ ਮੌਕਾ ਪ੍ਰਾਪਤ ਹੋਇਆ ਹੈ। ਮੈਂ ਜ਼ਿਆਦਾਤਰ ਮੁਲਾਜ਼ਮਾਂ ਨੂੰ ਕੰਮ ਦੇ ਬੋਝ ਹੇਠ ਦੱਬੇ ਹੋਣ ਦੇ ਬਾਵਜੂਦ ਚਾਈਂ-ਚਾਈਂ ਕਾਰਜਸ਼ੀਲ ਦੇਖਿਆ ਹੈ। ਸਮੇਂ ਸਿਰ ਆਉਂਦੇ ਤੇ ਸਮੇਂ ਤੋਂ ਬਾਅਦ ਜਾਂਦੇ ਦੇਖਿਆ ਹੈ। ਕੁਝ ਅਣਗਹਿਲੀ ਤੇ ਲਾਪਰਵਾਹੀ ਕਰਦੇ ਵੀ ਦੇਖੇ। ਮੈਨੂੰ ਅਹਿਮ ਕਮੇਟੀਆਂ 'ਚ ਭੂਮਿਕਾ ਨਿਭਾਉਣ ਵੇਲੇ ਅਤੇ ਬਾਅਦ ਵਿੱਚ ਵਿਚਰਦਿਆਂ ਅਨੇਕਾਂ ਮਿੱਠੇ ਤੇ ਕੌੜੇ ਤਜਰਬੇ ਹਾਸਲ ਹੋਏ ਹਨ।

ਪਿਛਲੇ 15 ਸਾਲ ਤੋਂ ਮੇਰਾ ਪੰਜਾਬ ਬੋਰਡ ਨਾਲ ਸਿੱਧਾ ਤੇ ਅਸਿੱਧਾ ਵਾਸਤਾ ਰਿਹਾ ਹੈ। ਅਨੇਕਾਂ ਦੁਖਿਆਰੇ, ਬੋਰਡ ਦੇ ਚੱਕਰ ਕੱਟਦੇ ਅੱਕ-ਥੱਕ ਜਾਂਦੇ ਹਨ। ਬੋਰਡ ਦੇ ਕੰਮ ਖਾਤਰ ਅਨੇਕਾਂ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਨਿਸ਼ਕਾਮ ਸੇਵਾ ਲਈ ਮੇਰੇ ਕੋਲ ਆਉਂਦੇ ਰਹਿੰਦੇ ਹਨ। ਉਨ੍ਹਾਂ ਦੇ ਦੁੱਖ ਦਰਦ ਨੂੰ ਘਟਾਉਣ ਹਿੱਤ ਮੈਂ ਕਦੀ ਫਾਰਮ ਭਰ ਕੇ, ਕਦੀ ਟੈਲੀਫੋਨ ਕਰ ਕੇ ਅਤੇ ਕਦੇ ਕਦੇ ਨਿੱਜੀ ਤੌਰ 'ਤੇ ਪਹੁੰਚ ਕੇ ਸਮੱਸਿਆ ਦਾ ਹੱਲ ਕੱਢਦਾ ਰਹਿੰਦਾ ਹਾਂ। ਲੋੜਵੰਦਾਂ ਦੇ ਦੁੱਖ ਦਰਦ ਘਟਾ ਕੇ ਮੈਨੂੰ ਮਾਨਸਿਕ ਸਕੂਨ ਮਿਲਦਾ ਹੈ। ਮੇਰੀਆਂ ਨਿੱਜੀ ਕੋਸ਼ਿਸ਼ਾਂ ਸਦਕਾ ਸਾਰੇ ਜਾਇਜ਼ ਤੇ ਹੋ ਸਕਣ ਵਾਲੇ ਕੰਮ ਬਿਨਾਂ ਦੇਰੀ ਤੋਂ ਨਿੱਬੜ ਜਾਂਦੇ ਹਨ।

ਕੁਝ ਦਿਨ ਪਹਿਲਾਂ ਇੱਕ ਅਜਨਬੀ ਔਰਤ, ਮੇਰੀ ਧੀ ਦੇ ਹਾਣ ਦੀ ਕੁੜੀ ਨੂੰ ਨਾਲ ਲੈ ਕੇ ਮੇਰੇ ਕੋਲ ਆਈ। ਉਸ ਦਾ ਘਰ ਸ਼ਹਿਰ ਦੇ ਦੂਜੇ ਬੰਨੇ ਸੀ। ਉਹ ਡੁਪਲੀਕੇਟ ਸਰਟੀਫਿਕੇਟ ਲੈਣਾ ਚਾਹੁੰਦੀ ਸੀ। ਮੈਂ ਮਦਦ ਪ੍ਰਾਪਤ ਕਰਨ ਆਏ ਅਤੇ ਇਨ੍ਹਾਂ ਨੂੰ ਮੇਰੇ ਕੋਲ ਭੇਜਣ ਵਾਲੇ ਦੋਵਾਂ ਬਾਰੇ ਨਹੀਂ ਸੀ ਜਾਣਦਾ। ਮੈਂ ਉਨ੍ਹਾਂ ਨੂੰ ਬਣਦੀ ਸਲਾਹ, ਤਸਦੀਕ ਸ਼ੁਦਾ ਫਾਰਮ ਅਤੇ ਫੀਸ ਜਮ੍ਹਾ ਕਰਵਾਉਣ ਦੀ ਸਲਾਹ ਦੇ ਦਿੱਤੀ। ਉਨ੍ਹਾਂ ਨੇ ਉਸੇ ਦਿਨ ਫੀਸ ਜਮ੍ਹਾ ਕਰਵਾ ਦਿੱਤੀ। ਸੰਬੰਧਤ ਵਿਦਿਆਰਥਣ ਨੂੰ ਨੌਕਰੀ ਲਈ ਸਰਟੀਫਿਕੇਟ ਦੀ ਸਖਤ ਲੋੜ ਸੀ। ਮੈਨੂੰ ਬੋਰਡ ਵਿੱਚ ਨਾਲ ਜਾ ਕੇ ਸਰਟੀਫਿਕੇਟ ਤੁਰੰਤ ਦਿਵਾਉਣ ਲਈ ਵਾਰ-ਵਾਰ ਫੋਨ ਆਏ। ਘਰੇਲੂ ਰੁਝੇਵਿਆਂ ਤੇ ਸਿਹਤ ਪੂਰੀ ਤਰ੍ਹਾਂ ਠੀਕ ਨਾ ਹੋਣ ਦੇ ਬਾਵਜੂਦ ਮੈਂ ਉਨ੍ਹਾਂ ਨੂੰ ਬੋਰਡ ਲੈ ਜਾਣ ਲਈ ਸਹਿਮਤ ਹੋ ਗਿਆ। ਨਿਯਮਾਂ ਮੁਤਾਬਕ ਸੰਬੰਧਤ ਵਿਅਕਤੀ ਨੂੰ ਸਰਟੀਫਿਕੇਟ ਦਸਤਖਤ ਕਰਵਾਉਣ ਪਿੱਛੋਂ ਦਸਤੀ ਦਿੱਤਾ ਜਾ ਸਕਦਾ ਹੈ। ਮਾਂ-ਧੀ ਨੂੰ ਲੈ ਕੇ ਮੈਂ ਸਾਢੇ ਨੌਂ ਵਜੇ ਦਫਤਰ ਪਹੁੰਚ ਗਿਆ। ਚੇਅਰਮੈਨ ਦਫਤਰ ਦੇ ਉਚ ਅਧਿਕਾਰੀ ਨੇ ਸੰਬੰਧਤ ਸੈਕਸ਼ਨ ਵਿੱਚ ਮੇਰੇ ਨਾਲ ਇੱਕ ਮੁਲਾਜ਼ਮ ਭੇਜਣ ਦੀ ਪੇਸ਼ਕਸ਼ ਕੀਤੀ। ਇਸ ਨੂੰ ਅਢੁੱਕਵਾਂ ਸਮਝ ਕੇ ਮੈਂ ਖੁਦ ਮਾਮੂਲੀ ਪਛਾਣ ਦੱਸ ਕੇ ਸਰਟੀਫਿਕੇਟ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਵੱਡੀ ਕੁਰਸੀ ਵਾਲੇ ਨੇ ਛੋਟੀ ਕੁਰਸੀ ਵੱਲ ਇਸ਼ਾਰਾ ਕੀਤਾ। ਮੈਂ ਕਿਹਾ, 'ਉਸ ਕੋਲ ਤਾਂ ਖੁਦ ਚਲਾ ਜਾਵਾਂਗਾ। ਤੁਸੀਂ ਬੈਠੋ, ਆਰਾਮ ਨਾਲ।'

ਮੈਂ ਹੈਰਾਨ ਕਿ ਸਰਟੀਫਿਕੇਟ ਦੇਵੋਂ ਤਿਆਰ, ਕੇਵਲ ਚੈਕ ਹੋਣੇ ਬਾਕੀ ਸਨ। ਤੁਰੰਤ ਕਾਰਵਾਈ ਦੀ ਬਜਾਏ ਮੈਂ ਇੱਕ ਘੰਟਾ ਹੋਰ ਦੇ ਦਿੱਤਾ ਤੇ ਕਿਹਾ ਕਿ ਉਮੀਦਵਾਰ ਨਿੱਜੀ ਤੌਰ 'ਤੇ ਹਾਜ਼ਰ ਹੈ, ਤੁਸੀਂ ਜਲਦੀ ਚੈਕ ਕਰ ਦੇਣਾ। ਮੁੜ ਡੇਢ ਘੰਟੇ ਬਾਅਦ ਦੇਖਦਾ ਹਾਂ, ਸਰਟੀਫਿਕੇਟ ਜਿਉਂ ਦੇ ਤਿਉਂ ਪਏ ਹਨ। ਉਹ ਬੜੀ ਜੱਦੋਜਹਿਦ ਪਿੱਛੋਂ ਪ੍ਰਾਪਤ ਹੋਏ। ਚੈਕ ਕਰਨ ਵਾਲੇ ਮੈਡਮ ਤੇ ਸਹਾਇਕ ਬੈਠੇ ਸਨ। ਸਹਾਇਕ ਬੋਲਿਆ, 'ਇੱਕ ਸਰਟੀਫਿਕੇਟ ਤਿਆਰ ਹੈ, ਦੂਜੇ ਉੱਤੇ ਇਤਰਾਜ਼ ਹੈ, ਅਸੀਂ ਚਿੱਠੀ ਪਾਵਾਂਗੇ, ਤੁਸੀਂ ਜਵਾਬ ਦੇ ਦੇਣਾ। ਇੱਕ ਕਾਲਮ ਖਾਲੀ ਛੱਡਿਆ ਹੋਇਆ ਹੈ ਕਿ ਡੁਪਲੀਕੇਟ ਸਰਟੀਫਿਕੇਟ ਲੈਣ ਦਾ ਕੀ ਕਾਰਨ ਹੈ?' ਮੈਂ ਗੁੱਸੇ ਭਰੀ ਹੈਰਾਨੀ ਨਾਲ ਕਿਹਾ ਕਿ ਨਿਯਮ ਸੁੱਖ-ਸੁਵਿਧਾ ਵਾਸਤੇ ਹਨ, ਰੁਕਾਵਟਾਂ ਖੜ੍ਹੀਆਂ ਕਰਨ ਤੇ ਸਮੇਂ ਦੀ ਬਰਬਾਦੀ ਵਾਸਤੇ ਨਹੀਂ, ਪ੍ਰਾਰਥੀ ਹਾਜ਼ਰ ਹੈ। ਹੁਣ ਉਸ ਦੇ ਹੱਥੀਂ ਲਿਖਵਾ ਲਵੋ। ਅੱਗੋਂ ਬੋਲਿਆ, 'ਇਹ ਕਿਵੇਂ ਹੋ ਸਕਦੈ?' ਲੱਗਦੇ ਹੱਥ ਮੈਡਮ ਨੇ ਬੜੇ ਗੁੱਸੇ ਤੇ ਉਚੀ ਆਵਾਜ਼ ਵਿੱਚ ਸਭ ਨੂੰ ਕਿਹਾ, 'ਜਾਓ, ਜਾਓ, ਕੰਮ ਕਰਨ ਦਿਓ।'

ਮੈਨੂੰ ਪੰਜਾਬੀ ਵਿੱਚ ਸਮਝਾਉਣਾ ਪਿਆ ਕਿ ਦਫਤਰ ਜਨਤਾ ਦਾ ਹੈ ਅਤੇ ਕੁਰਸੀ ਦੀਆਂ ਚਾਰੇ ਲੱਤਾਂ ਜਨਤਾ ਦੀਆਂ ਹਨ। ਮੈਡਮ ਕਿੰਨਾ ਚਿਰ 'ਸੌਰੀ ਸਰ ਸੌਰੀ ਸਰ' ਕਹਿੰਦੀ ਰਹੀ। ਮੈਂ ਕਿਹਾ,'ਅਜਿਹੀ ਕੋਈ ਗੱਲ ਨਹੀਂ, ਤੁਸੀਂ ਅਜ਼ੀਜ਼ ਹੋ, ਸਾਡੇ ਬੱਚਿਆਂ ਸਮਾਨ ਹੋ, ਪਰ ਦੂਰ-ਦੁਰਾਡਿਓਂ ਆਏ ਵਿਅਕਤੀਆਂ ਦਾ ਅਪਮਾਨ ਨਹੀਂ ਕਰੀਦਾ। ਤੁਸੀਂ ਪਬਲਿਕ ਦੀ ਸੇਵਾ ਖਾਤਰ ਬੈਠੇ ਹੋ, ਫੁੰਕਾਰੇ ਮਾਰਨ ਵਾਸਤੇ ਨਹੀਂ।' ਫਾਰਮ ਨੂੰ ਇਸ ਕਦਰ ਟੋਂ-ਹਆ ਗਿਆ, ਜਿੱਦਾਂ ਡਾਕਟਰ ਮਰੀਜ਼ ਨੂੰ ਟੋਂਹਦਾ ਹੈ। ਆਖਰ ਮੋਹਰ 'ਤੇ ਇੱਕ ਥਾਂ ਦਸਤਖਤ ਨਾ ਦਿੱਸਣ ਦੀ ਗਲਤੀ ਕੱਢੀ। ਫੌਰੀ ਕਾਰਵਾਈ ਕਰਦੇ ਹੋਏ ਮੈਂ ਫਾਰਮ ਨੂੰ ਮੁੜ ਤਸਦੀਕ ਕਰਵਾ ਦਿੱਤਾ। ਭਾਵੇਂ ਸੁਪਰਡੈਂਟ ਹੁਰਾਂ ਨੇ ਸਰਟੀਫਿਕੇਟ ਦੇਣ ਦੀ ਗੱਲ ਮੰਨ ਲਈ, ਪਰ ਮੈਂ ਕੰਮ ਮੌਕੇ ਸਿਰ ਖਤਮ ਕਰਨਾ ਹੀ ਠੀਕ ਸਮਝਿਆ। ਮੈਂ ਸਭ ਦੀ ਹਾਜ਼ਰੀ 'ਚ ਸਪੱਸ਼ਟ ਕੀਤਾ ਕਿ ਇਸ ਬੱਚੀ ਅਤੇ ਉਸ ਦੀ ਮਾਂ ਮੇਰੇ ਜਾਣਕਾਰ ਨਹੀਂ, ਮੈਂ ਸਿਰਫ ਇਨ੍ਹਾਂ ਦੀ ਮਦਦ ਖਾਤਰ ਤੁਹਾਡੇ ਕੋਲ ਖੜ੍ਹਾ ਹਾਂ। ਫਿਰ ਖਾਨਾਪੂਰਤੀ ਹੋ ਗਈ। ਸਰਟੀਫਿਕੇਟ ਵੀ ਮਿਲ ਗਿਆ। ਜ਼ਰਾ ਸੋਚੋ, ਚਿੱਠੀ ਪੱਤਰੀ ਦੀ ਕੀ ਲੋੜ, ਜਦੋਂ ਪ੍ਰਾਰਥੀ ਆਪ ਹਾਜ਼ਰ ਹੈ।

ਇਸ ਤਰ੍ਹਾਂ ਦੀ ਘੁੰਮਣਘੇਰੀ ਤੋਂ ਸੰਕੋਚ ਕਰਨਾ ਚਾਹੀਦਾ ਹੈ। ਲੋੜਵੰਦਾਂ ਦੀ ਖੱਜਲ ਖੁਆਰੀ ਬਚਾ ਕੇ ਉਨ੍ਹਾਂ ਨੂੰ ਸਰਟੀਫਿਕੇਟ ਦਿਵਾ ਕੇ ਮੈਨੂੰ ਬੇਹੱਦ ਖੁਸ਼ੀ ਤੇ ਤਸੱਲੀ ਦਾ ਅਹਿਸਾਸ ਹੋ ਰਿਹਾ ਸੀ, ਕਿਉਂਕਿ ਬੇਟੀ ਨੇ ਭਲਕੇ ਹੋਣ ਵਾਲੀ ਇੰਟਰਵਿਊ 'ਚ ਸਫਲਤਾ ਹਾਸਲ ਕਰਨ ਲਈ ਲੋੜੀਂਦਾ ਸਰਟੀਫਿਕੇਟ ਹਾਸਲ ਕਰ ਲਿਆ ਸੀ। ਕੋਸ਼ਿਸ਼ ਰੰਗ ਲੈ ਆਈ, ਵਰਨਾ ਤੁਸੀਂ ਸੋਚੋ, ਇੱਕ ਆਮ ਆਦਮੀ ਦੇ ਸਰਟੀਫਿਕੇਟ ਦਾ ਹਸ਼ਰ ਕੀ ਹੁੰਦਾ ਹੋਵੇਗਾ।

# ਹੁਣ ਨਹੀਂ ਆਉਂਦੀਆਂ ਚਿੱਠੀਆਂ

ਅਮਰਬੀਰ ਸਿੰਘ ਚੀਮਾ

ਬਦਲਾਓ ਕੁਦਰਤ ਦਾ ਨਿਯਮ ਹੈ। ਇਹ ਹੋਣਾ ਵੀ ਚਾਹੀਦਾ ਹੈ, ਨਹੀਂ ਤਾਂ ਜ਼ਿੰਦਗੀ ਨੀਰਸ ਜਿਹੀ ਹੋ ਜਾਵੇਗੀ। ਜਦੋਂ ਕਿਸੇ ਨਵੀਂ ਚੀਜ਼ ਦੇ ਆਉਣ ਨਾਲ ਸਬੰਧਤ ਪੁਰਾਣੀ ਚੀਜ਼ ਦਾ ਖਾਤਮਾ ਹੁੰਦਾ ਹੈ ਤਾਂ ਦੁੱਖ ਵੀ ਹੁੰਦਾ ਹੈ। ਫੋਨ, ਮੋਬਾਈਲ, ਇੰਟਰਨੈਟ, ਐਸ ਐਮ ਐਸ, ਵਟਸਐਪ ਦੀ ਆਮਦ ਤੋਂ ਪਹਿਲਾਂ ਕੋਈ ਵੀ ਸੁਨੇਹਾ ਪਹੁੰਚਾਉਣ ਲਈ ਚਿੱਠੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਬੇਸ਼ੱਕ ਹੁਣ ਕੋਈ ਵੀ ਸੁਨੇਹਾ ਦੇਸ਼ ਵਿਦੇਸ਼ ਤੱਕ ਮਿੰਟਾਂ ਸਕਿੰਟਾਂ ਵਿੱਚ ਪਹੁੰਚ ਜਾਂਦਾ ਹੈ, ਪਰ ਜੋ ਕਿਸੇ ਆਪਣੇ ਦੀ ਹੱਥ ਲਿਖਤ ਚਿੱਠੀ ਪੜ੍ਹ ਕੇ ਆਪਣੇਪਣ ਦਾ ਅਹਿਸ-ਾਸ ਹੁੰਦਾ ਸੀ, ਉਹ ਅਜੋਕੇ ਤਰੀਕਿਆਂ ਵਿੱਚ ਨਹੀਂ ਮਿਲ ਸਕਦਾ। ਪੁਰਾਣੀਆਂ ਫਿਲਮਾਂ ਵਿੱਚ ਅਕਸਰ ਦੇਖਦੇ ਹਾਂ, ਕਈ ਵਾਰੀ ਕੋਈ ਵਿਅਕਤੀ ਕਿਸੇ ਵੱਲੋਂ ਲਿਖੀ ਚਿੱਠੀ ਪੜ੍ਹਦਾ ਸੀ ਤਾਂ ਚਿੱਠੀ ਵਾਲੇ ਕਾਗਜ਼ ਉਪਰ ਉਸ ਸਬੰਧਤ ਵਿਅਕਤੀ ਦੀ ਫੋਟੋ ਦਿਖਾਈ ਜਾਂਦੀ ਸੀ, ਕਿਉਂਕਿ ਚਿੱਠੀ ਪੜ੍ਹਦੇ-ਪੜ੍ਹਦੇ ਲਿਖਣ ਵਾਲੇ ਦੀ ਤਸਵੀਰ ਮਨ ਵਿੱਚ ਛਪ ਜਾਂਦੀ ਸੀ। ਇੰਜ ਪ੍ਰਤੀਤ ਹੁੰਦਾ ਸੀ, ਜਿਵੇਂ ਚਿੱਠੀ ਲਿਖਣ ਵਾਲਾ ਸਾਹਮਣੇ ਹੀ ਬੈਠਾ ਹੈ। ਚਿੱਠੀ ਪੜ੍ਹਨ ਸਮੇਂ ਲਿਖਣ ਵਾਲੇ ਦੇ ਹੱਥਾਂ ਦੀ ਛੋਹ ਮਹਿਸੂਸ ਹੁੰਦੀ ਸੀ।




ਪਹਿਲਾਂ ਸੁੱਖ ਦੁੱਖ ਦੱਸਣ ਦਾ ਇਕ ਮਾਤਰ ਸਾਧਨ ਚਿੱਠੀਆਂ ਸਨ। ਚਿੱਠੀ ਦਾ ਅਹਿਸਾਸ ਘਰੋਂ ਬਾਹਰ ਰਹਿੰਦੇ ਜਾਂ ਵਿਦੇਸ਼ ਵਸੇ ਲੋਕਾਂ ਨੂੰ ਜ਼ਿਆਦਾ ਹੁੰਦਾ ਹੈ। ਚਿੱਠੀ ਦੀ ਉਡੀਕ ਬਿਆਨ ਨਹੀਂ ਕੀਤੀ ਜਾ ਸਕਦੀ। ਚਿੱਠੀ ਮਿਲਣ 'ਤੇ ਉਸ ਨੂੰ ਪੜ੍ਹਨ ਦਾ ਆਨੰਦ ਉਸ ਤੋਂ ਵੱਧ ਹੁੰਦਾ ਹੈ। ਇਕੋ ਚਿੱਠੀ ਨੂੰ ਕਈ-ਕਈ ਵਾਰ ਪੜ੍ਹਨ ਦਾ ਵੀ ਆਪਣਾ ਹੀ ਲੁਤਫ ਹੈ।

ਫਿਰ ਚਿੱਠੀ ਲਿਖਣ ਦੀ ਬਾਰੀ ਆਉਂਦੀ ਹੈ, ਜੋ ਆਪਣੇ ਆਪ ਵਿੱਚ ਇਕ ਕਲਾ ਹੈ। ਸਾਡੇ ਦੇਸ਼ ਵਿੱਚ ਰੁਜ਼ਗਾਰ ਦੀ ਭਾਲ ਵਿੱਚ ਵਿਦੇਸ਼ ਜਾਣਾ ਨੌਜਵਾਨਾਂ ਦੀ ਮਜ਼ਬੂਰੀ ਹੈ। ਵਿਆਹ ਤੋਂ ਬਾਅਦ ਭਰੀ ਜਵਾਨੀ ਵਿੱਚ ਆਪਣੇ ਬਜ਼ੁਰਗ ਮਾਪਿਆਂ ਤੇ ਸੱਜ ਵਿਆਹੀ ਨਾਰ ਨੂੰ ਛੱਡ ਕੇ ਵਿਦੇਸ਼ ਜਾਣਾ ਸੌਖਾ ਨਹੀਂ ਹੁੰਦਾ। ਇਸ ਤੋਂ ਵੱਡਾ ਦਰਦ ਕੀ ਹੋ ਸਕਦਾ ਹੈ ਕਿ ਆਪਣੇ ਵਿਦੇਸ਼ ਗਏ ਪੁੱਤ ਦੀ ਚਿੱਠੀ ਪੜ੍ਹ-ਪੜ੍ਹ ਕੇ ਬੁੱਢੇ ਮਾਂ ਬਾਪ ਦੀਆਂ ਅੱਖਾਂ ਵਿਚਲੇ ਹੰਝੂ ਸੁੱਕ ਜਾਂ ਮੁੱਕ ਗਏ ਹੋਣ। ਇਸ ਤਰ੍ਹਾਂ ਦੇ ਵਿਛੋੜੇ ਦੇ ਦਰਦ ਨੂੰ ਉਹੀ ਬਿਆਨ ਕਰ ਸਕਦੇ ਹਨ, ਜਿਨ੍ਹਾਂ ਨੇ ਇਸ ਨੂੰ ਭੋਗਿਆ ਹੈ। ਹਰ ਦਿਨ ਢਲਣ ਉੱਤੇ ਸੱਜ ਵਿਆਹੀ ਦੀ ਜਵਾਨੀ ਵੀ ਢੱਲਦੀ ਜਾਂਦੀ ਹੈ। ਅਜਿਹੇ ਵਿੱਚ ਸਿਰਫ ਚਿੱਠੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਪੜ੍ਹ ਕੇ ਜਾਂ ਲਿਖ ਕੇ ਮਨ ਨੂੰ ਸਕੂਨ ਮਿਲਦਾ ਸੀ। ਵਿਦੇਸ਼ ਵਸਦੇ ਮਾਹੀ ਦੀ ਸੁੱਖ ਸਾਂਦ ਦੀ ਚਿੱਠੀ ਲੈ ਕੇ ਆਉਣ ਵਾਲਾ ਡਾਕੀਆ ਕਿਸੇ ਮਸੀਹੇ ਤੋਂ ਘੱਟ ਨਹੀਂ ਸੀ ਲੱਗਦਾ। ਸੁਆਣੀ ਮਾਹੀ ਦੀਆਂ ਲਿਖੀਆਂ ਚਿੱਠੀਆਂ ਸਾਂਭ-ਸਾਂਭ ਰੱਖਦੀ ਤੇ ਉਨ੍ਹਾਂ ਨੂੰ ਬਾਰ-ਬਾਰ ਪੜ੍ਹਦੀ ਰਹਿੰਦੀ ਕਿ ਸ਼ਾਇਦ ਕਿਸੇ ਚਿੱਠੀ ਵਿੱਚ ਮਾਹੀ ਦੇ ਆਉਣ ਦੀ ਤਰੀਕ ਲਿਖੀ ਹੋਵੇ।

ਚਿੱਠੀਆਂ ਨਾਲ ਇਕ ਅਲੱਗ ਜਿਹਾ ਰਿਸ਼ਤਾ ਬਣਿਆ ਹੁੰਦਾ ਸੀ, ਜਿਹੜਾ ਅਜੋਕੇ ਈ-ਮੇਲਜ਼ ਜਾਂ ਵਟਸਐਪ ਨਾਲ ਨਹੀਂ ਬਣ ਸਕਦਾ। ਸਮੇਂ-ਸਮੇਂ ਕਿੰਨੇ ਹੀ ਗੀਤਕਾਰਾਂ ਨੇ ਬਿਰਹਾ ਦੇ ਦਰਦ ਨੂੰ ਆਪਣੀ ਕਲਮ ਨਾਲ ਨਿਵਾਜਿਆ ਅਤੇ ਕਿੰਨੇ ਹੀ ਗਾਇਕਾਂ ਨੇ ਉਸ ਦਰਦ ਨੂੰ ਆਪਣੀ ਆਵਾਜ਼ ਰਾਹੀਂ ਬਿਆਨ ਕੀਤਾ ਹੈ। ਸਾਡੇ ਫੌਜੀ ਜਵਾਨ ਇਹ ਦਰਦ ਆਪਣੇ ਸੀਨੇ 'ਤੇ ਹੰਢਾਉਂਦੇ ਹਨ। ਉਹ ਦੂਰ ਸਰਹੱਦਾਂ 'ਤੇ ਦੇਸ਼ ਦੀ ਰਾਖੀ ਕਰਨ ਹਿੱਤ ਕਈ-ਕਈ ਮਹੀਨੇ ਆਪਣੇ ਘਰੋਂ ਬਾਹਰ ਰਹਿੰਦੇ ਹਨ। ਫੌਜੀ ਵੱਲੋਂ ਲਿੱਖੀ ਹਰ ਚਿੱਠੀ ਉਸ ਦੀ ਜ਼ਿੰਦਗੀ ਦੀ ਸਲਾਮਤੀ ਦੀ ਗਵਾਹੀ ਭਰਦੀ ਤੇ ਚਿੱਠੀ ਮਿਲਣ 'ਤੇ ਉਸ ਦੀ ਘਰ ਵਾਲੀ ਰੱਬ ਦਾ ਲੱਖ-ਲੱਖ ਸ਼ੁਕਰ ਕਰਦੀ ਸੀ। ਕੁਝ ਦਿਨ ਲੰਘਣ ਪਿੱਛੋਂ ਫਿਰ ਚਿੱਠੀ ਦੀ ਉਡੀਕ ਸ਼ੁਰੂ ਹੋ ਜਾਂਦੀ ਸੀ। ਸਰਹੱਦ ਉਤੇ ਮਾਹੌਲ ਖਰਾਬ ਹੋਣ ਸਮੇਂ ਕਿਸੇ ਕਾਰਨ ਚਿੱਠੀ ਨਾ ਮਿਲਣ 'ਤੇ ਜਾਂ ਲਿਖਣ ਵਿੱਚ ਦੇਰ ਹੋ ਜਾਣ 'ਤੇ ਕਿਸੇ ਵੀ ਫੌਜੀ ਦੇ ਘਰ ਦਿਆਂ ਤੇ ਘਰ ਵਾਲੀ ਦੀ ਹਾਲਤ ਬਿਨਾਂ ਪਾਣੀਓਂ ਮੱਛੀ ਵਰਗੀ ਹੋ ਜਾਂਦੀ ਸੀ। ਚਿੱਠੀ ਆਉਣ ਦਾ ਮਤਲਬ ਫੌਜੀ ਮਾਹੀ ਦੇ ਸਾਹ ਚੱਲਣ ਦੀ ਗਰੰਟੀ ਮੰਨਿ-ਆ ਜਾਂਦਾ ਸੀ।

ਸਾਡੇ ਕਾਲਜ ਦੇ ਹੋਸਟਲ ਵਿੱਚ ਚਾਰ ਪੰਜ ਸੌ ਮੁੰਡੇ ਰਹਿੰਦੇ ਸਨ। ਦੁਪਹਿਰੇ ਜਦੋਂ ਉਹ ਡਾਕ ਲੈ ਕੇ ਆਉਂਦਾ ਸੀ ਤਾਂ ਉਸ ਕੋਲ ਸਾਰੇ ਮੁੰਡਿਆਂ ਦੀਆਂ ਢੇਰਾਂ ਚਿੱਠੀਆਂ ਹੁੰਦੀਆਂ ਸਨ। ਸਾਡੇ ਮੁੰਡੇ ਉਸ ਦੇ ਆਲੇ ਦੁਆਲੇ ਝੁੰਡ ਬਣਾ ਕੇ ਉਸ ਨੂੰ ਘੇਰ ਲੈਂਦੇ ਸਨ। ਉਸ ਸਮੇਂ ਬੈਂਕਾਂ ਦੇ ਏ ਟੀ ਐਮ ਨਹੀਂ ਹੁੰਦੇ ਸੀ। ਇਸ ਲਈ ਚਿੱਠੀ ਸੁੱਖ ਸਾਂਦ ਤੋਂ ਇਲਾਵਾ ਘਰ ਤੋਂ ਪੈਸੇ ਮੰਗਵਾਉਣ ਦਾ ਵੀ ਇਕੋ ਸਾਧਨ ਸੀ। ਚਿੱਠੀ ਵਾਲੇ ਹਲਕੇ ਪੀਲੇ ਰੰਗ ਦੇ ਲਿਫਾਫੇ ਵਿੱਚ ਲੋੜੀਂਦੇ ਪੈਸਿਆਂ ਵਾਸਤੇ ਬੈਂਕ ਡਰਾਫਟ ਵੀ ਹੁੰਦਾ ਸੀ, ਪਰ ਹੁਣ ਇਹ ਸਭ ਨਹੀਂ ਹੁੰਦਾ।

ਚਿੱਠੀਆਂ ਦੀ ਹੋਂਦ ਨੂੰ ਖਤਰਾਂ ਤਾਂ ਟੈਲੀਫੋਨ ਸੇਵਾ ਦੀ ਆਮਦ ਨਾਲ ਹੋ ਗਿਆ ਸੀ, ਫਿਰ ਵੀ ਲੋਕ ਕਿਸੇ ਨਾ ਕਿਸੇ ਤਰ੍ਹਾਂ ਚਿੱਠੀਆਂ ਨਾਲ ਜੁੜੇ ਰਹੇ। ਮੋਬਾਈਲ ਫੋਨ ਆਉਣ ਨਾਲ ਚਿੱਠੀਆਂ ਦਾ ਰੁਝਾਨ ਹੋਰ ਵੀ ਘੱਟ ਗਿਆ। ਗਾਇਕ ਹੰਸ ਰਾਜ ਹੰਸ ਨੇ ਤਾਂ ਉਦੋਂ ਹੀ ਗੀਤ ਗਾ ਦਿੱਤਾ ਸੀ:

ਤੁਸੀਂ ਚਿੱਠੀਆਂ ਪਾਉਣੀਆਂ ਭੁੱਲ ਗਏ ਜਦੋਂ ਦਾ ਟੈਲੀਫੋਨ ਲੱਗਿਆ।

ਅੱਜ ਭਾਵੇਂ ਕੋਈ ਵੀ ਸੁਨੇਹਾ ਦੇਸ਼ ਵਿਦੇਸ਼ ਨਾਲ ਦੀ ਨਾਲ ਪਹੁੰਚ ਜਾਂਦਾ ਹੈ, ਪਰ ਉਸ ਵਿੱਚ ਉਹ ਅਪਣੱਤ ਤੇ ਨਿੱਘ ਨਹੀਂ ਹੈ। ਚਿੱਠੀਆਂ ਦੀ ਜਗ੍ਹਾਂ ਈ-ਮੇਲਜ਼ ਨੇ ਲੈ ਲਈ ਅਤੇ ਹੁਣ ਹੋਰ ਵੀ ਬਹੁਤ ਸਾਰੀਆਂ ਐਪਸ ਤੇ ਸੋਸ਼ਲ ਨੈਟਵਰਕਿੰਗ ਸਾਈਟਸ ਆ ਚੁੱਕੀਆਂ ਹਨ। ਚਿੱਠੀਆਂ ਹੁਣ ਜ਼ਿਆਦਾਤਰ ਸਰਕਾਰੀ ਦਫਤਰਾਂ ਤੋਂ ਆਉਂਦੀਆਂ ਹਨ। ਸਰਕਾਰੀ ਵਿਭਾਗ ਵੀ ਹੌਲੀ-ਹੌਲੀ ਆਨਲਾਈਨ ਹੋ ਰਹੇ ਜਾਂ ਹੋ ਚੁੱਕੇ ਹਨ। ਇਸ ਤਰ੍ਹਾਂ ਟੈਲੀਗ੍ਰਾਮ ਸੇਵਾ ਵਾਂਗ ਚਿੱਠੀਆਂ ਇਕ ਦਿਨ ਬੀਤੇ ਦੀ ਗੱਲ ਹੋ ਜਾਣਗੀਆਂ, ਪਰ ਜਿਹੜੇ ਲੋਕ ਚਿੱਠੀਆਂ ਪੜ੍ਹਦੇ ਲਿਖਦੇ ਰਹੇ ਹਨ, ਉਨ੍ਹਾਂ ਦੇ ਮਨਾਂ ਵਿੱਚ ਚਿੱਠੀਆਂ ਦੀਆਂ ਕੌੜੀਆਂ ਮਿੱਠੀਆਂ ਯਾਦਾਂ ਹਮੇਸ਼ਾ ਬਣੀਆਂ ਰਹਿਣਗੀਆਂ। ਉਨ੍ਹਾਂ ਨੂੰ ਅੱਜ ਵੀ ਕਿਸੇ ਸੱਜਣ ਮਿੱਤਰ ਦੀ ਮਹਿਕਾਂ ਬਿਖੇਰਦੀ ਹੋਈ ਚਿੱਠੀ ਦੀ ਉਡੀਕ ਹੋਵੇਗੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ੜ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

# ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਕਲਾਤ




ਕਲਾਤ ਕੋਇਟਾ ਤੋਂ ਕਰਾਚੀ ਜਾਣ ਵਾਲੀ ਸੜਕ ਉੱਤੇ ਹੈ। ਕੋਇਟਾ ਤੋਂ ਇਸ ਦਾ ਫਾਸਲਾ 124 ਕਿਲੋਮੀਟਰ ਹੈ। ਇਹ ਜ਼ਿਲੇ ਦਾ ਪ੍ਰਧਾਨ ਨਗਰ ਹੈ, ਇਹ ਪਹਿਲਾ ਰਿਆਸਤ ਕੱਲਾਤ ਕਰਕੇ ਪ੍ਰਸਿੱਧ ਸੀ। ਇਸ ਦੇ ਪੁਰਾਣੇ ਨਗਰ ਅੰਦਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਹੈ। ਰਿਆਸਤ ਟੁੱਟਣ ਤੇ ਸ਼ਹਿਰ ਦੇ ਉਜੜਨ ਮਗਰੋਂ ਨਵਾਂ ਸ਼ਹਿਰ ਵਸਿਆ। ਇਸ ਨਵੇਂ ਸ਼ਹਿਰ ਦੇ ਹਿੰਦੂ ਮੁਹੱਲੇ ਅੰਦਰ "ਗੁਰੂ ਨਾਨਕ ਦਰਬਾਰ" ਗੁਰਦੁਆਰਾ ਹੈ, ਜਿੱਥੇ ਹਰ ਰੋਜ਼ ਪ੍ਰਕਾਸ਼ ਹੁੰਦਾ ਹੈ। ਦਿਨ ਵਿੱਚ ਦੋ ਵਾਰ ਸੰਗਤ ਜੁੜਦੀ ਹੈ। ਨਵਾਂ ਗੁਰਦੁਆਰਾ ਘਰ ਵਾਂਗ ਬਣਿਆ ਹੋਇਆ ਹੈ। ਪੁਰਾਣਾ ਅਸਥਾਨ ਨਾਨਕ ਮੰਦਰ ਅਖਵਾਉਂਦਾ ਹੈ ਜੋ ਨਵੇਂ ਸ਼ਹਿਰ ਤੋਂ ਕੋਈ ਤਿੰਨ ਕਿਲੋਮੀਟਰ ਬਾਹਰ ਹੈ। ਇਸ ਪੁਰਾਣੇ ਦਰਬਾਰ ਦੀ ਸੇਵਾ ਖਾਨ ਕਲਾਤ ਨੇ ਕਰਵਾਈ ਸੀ। ਇਸ ਦਾ ਪਹਿਲਾ ਪੁਜਾਰੀ ਉਦਾਸੀ ਬਾਬਾ ਸੰਤ ਅਣਖੰਡੀ ਦਾਸ ਸੀ। ਗੁਰਦੁਆਰੇ ਦੇ ਨਾਂ ਜਾਗੀਰ ਅਤੇ ਲੰਗਰ ਖਾਨ ਕੱਲਾਤ ਵੱਲੋਂ ਸੀ। ਇਹ ਜਾਗੀਰ ਹੁਣ ਵੀ ਗੁਰਦੁਆਰਾ ਸਾਹਿਬ ਦੇ ਨਾਂ ਹੈ।

# ਅਸੀਂ ਦੇਸ਼ ਦੇ ਚੌਕੀਦਾਰ ਨਹੀਂ, ਇਸ ਦੇ ਹਿੱਸੇਦਾਰ ਬਣੀਏ

-ਚੇਤਨ ਭਗਤ



ਇਹ ਦੇਖ ਕੇ ਚੰਗਾ ਲੱਗਾ ਕਿ ਸਰਕਾਰ ਨੇ ਅਜਿਹਾ ਬਜਟ ਪੇਸ਼ ਕੀਤਾ, ਜੋ ਆਰਥਿਕ ਵਾਧੇ ਨੂੰ ਪ੍ਰੇਰਿਤ ਕਰੇਗਾ, ਪਰ ਇਥੇ ਮੈਂ ਬਜਟ ਦਾ ਜਾਇਜ਼ਾ ਨਹੀਂ ਲੈਣਾ, ਸਗੋਂ ਆਪਣਾ ਧਿਆਨ ਦੇਸ਼ ਦੀ ਤਰੱਕੀ ਵਾਲੀਆਂ ਨੀਤੀਆਂ ਦੇ ਨਾਲ-ਨਾਲ ਭਾਰਤੀਆਂ ਦੀ ਮਾਨਸਿਕਤਾ ਵਿੱਚ ਤਬਦੀਲੀ ਲਿਆਉਣ 'ਤੇ ਲਾਉਣਾ ਹੈ।

ਜਦੋਂ ਮੈਂ ਛੋਟਾ ਸੀ, ਉਦੋਂ ਮੇਰੀ ਗੁਆਂਢਣ ਆਂਟੀ ਨੇ ਆਪਣੇ ਫਰਿੱਜ ਨੂੰ ਲੌਕ ਕਰ ਦਿੱਤਾ, ਜੋ ਅੱਸੀ ਦੇ ਦਹਾਕੇ 'ਚ ਇੱਕ ਆਮ ਗੱਲ ਸੀ। ਇਹ ਲੌਕ ਇਸ ਲਈ ਕੀਤਾ ਜਾਂਦਾ ਸੀ ਕਿ ਆਂਟੀ ਦੀ ਗੈਰ ਹਾਜ਼ਰੀ ਵਿੱਚ ਨੌਕਰਾਣੀ ਫਰਿੱਜ 'ਚੋਂ ਦੁੱਧ ਜਾਂ ਮੱਖਣ ਚੋਰੀ ਨਾ ਕਰ ਲਵੇ। ਇਸ ਦੇ ਪਿੱਛੇ ਇਹ ਧਾਰਨਾ ਸੀ ਕਿ ਜੇ ਫਰਿੱਜ ਨੂੰ ਲੌਕ ਨਹੀਂ ਕੀਤਾ ਜਾਵੇਗਾ ਤਾਂ ਨੌਕਰਾਣੀ ਯਕੀਨੀ ਤੌਰ 'ਤੇ ਦੁੱਧ ਜਾਂ ਮੱਖਣ ਚੋਰੀ ਕਰ ਲਵੇਗੀ। ਇਸ ਗੱਲ ਬਾਰੇ ਆਂਟੀ ਕਈ ਵਾਰ ਚਿੰਤਤ ਰਹਿੰਦੀ ਸੀ, ਪਰ ਫਰਿੱਜ ਵਿੱਚ ਲੌਕ ਕਾਰਨ ਨੌਕਰਾਣੀ ਨਾ ਦੁੱਧ ਲੈ ਸਕਦੀ ਅਤੇ ਨਾ ਮੱਖਣ। ਭਰੋਸੇ ਦੀ ਕਮੀ ਨੂੰ ਲੈ ਕੇ ਨੌਕਰਾਣੀ ਕੰਮ ਪ੍ਰਤੀ ਜ਼ਿਆਦਾ ਪ੍ਰੇਰਿਤ ਨਹੀਂ ਦਿਖਾਈ ਦਿੱਤੀ।

ਇਸ ਦੇ ਉਲਟ ਮੈਂ ਇੱਕ ਹੋਰ ਉਦਾਹਰਣ ਦੇਣੀ ਚਾਹੁੰਦਾ ਹਾਂ। ਕੁਝ ਸਾਲ ਪਹਿਲਾਂ ਮੈਂ ਇੱਕ ਪ੍ਰੋਗਰਾਮ ਦੌਰਾਨ ਬਿਲ ਗੇਟਸ ਨਾਲ ਮੁਲਾਕਾਤ ਕੀਤੀ। ਮੈਂ ਉਨ੍ਹਾਂ ਤੋਂ ਪੁੱਛਿਆ ਕਿ ਤੁਸੀਂ ਇਸ ਗੱਲ ਨੂੰ ਕਿਵੇਂ ਯਕੀਨੀ ਬਣਾਉਣਾ ਚਾਹੁੰਦੇ ਹੋ ਕਿ ਜਦੋਂ ਤੁਸੀਂ ਕਰੋੜਾਂ ਰੁਪਏ ਚੈਰਿਟੀ ਨੂੰ ਦਿੱਤੇ, ਉਸ ਦੀ ਵਰਤੋਂ ਸਹੀ ਢੰਗ ਨਾਲ ਹੋ ਸਕੀ ਜਾਂ ਫਿਰ ਇਸ ਦੀ ਚੋਰੀ ਹੋ ਗਈ ਹੈ। ਉਹ ਹੱਸ ਪਏ ਤੇ ਕਿਹਾ ਕਿ ਉਹ ਜਾਣਦੇ ਹਨ ਕਿ ਕੁਝ ਪੈਸਾ ਉਚਿਤ ਢੰਗ ਨਾਲ ਨਹੀਂ ਖਰਚਿਆ ਗਿਆ। ਜਿਵੇਂ ਜਿਵੇਂ ਸਾਰਾ ਪੈਸਾ ਸਹੀ ਢੰਗ ਨਾਲ ਇਸਤੇਮਾਲ ਹੋ ਗਿਆ ਤਾਂ ਉਹ ਇਸ ਗੱਲ ਨੂੰ ਮੰਨਣ ਲਈ ਤਿਆਰ ਹੋਏ ਕਿ ਇਸ 'ਚੋਂ ਕੁਝ ਪੈਸਾ ਗਾਇਬ ਜਾਂ ਫਿਰ ਚੋਰੀ ਹੋ ਗਿਆ। ਉਨ੍ਹਾਂ ਦੀ ਚੈਰਿਟੀ ਨੇ ਕੁਝ ਦੀ ਜਾਂਚ ਕੀਤੀ, ਪਰ ਉਨ੍ਹਾਂ ਦਾ ਟੀਚਾ ਉਨ੍ਹਾਂ ਪ੍ਰੋਜੈਕਟਾਂ ਨੂੰ ਦੇਖਣ 'ਤੇ ਸੀ, ਜਿਸ ਨੇ ਵਿਸ਼ਵ ਨੂੰ ਬਦਲਿਆ ਅਤੇ ਨਿਵੇਸ਼ ਕੀਤੇ ਹੋਏ ਪੈਸੇ ਵਿੱਚ ਵਾਧਾ ਹੋਇਆ।

ਦੇਖਣਾ ਇਹ ਹੈ ਕਿ ਆਂਟੀ ਅਤੇ ਕਰੋੜਾਂ ਰੁਪਏ ਦੇਣ ਵਾਲੇ ਬਿਲ ਗੇਟਸ ਵਿੱਚ ਕੀ ਫਰਕ ਹੈ? ਬਿਲ ਗੇਟਸ ਵਿੱਚ ਮਾਨਸਿਕਤਾ ਦੀ ਭਰਮਾਰ ਹੈ। ਆਂਟੀ ਦੀ ਸੋਚ ਜੀਵਨ ਦੇ ਇੱਕ ਪੱਧਰ ਤੱਕ ਰੁਕੀ ਹੋਈ ਹੈ। ਬਿਲ ਗੇਟਸ ਅਤੇ ਉਨ੍ਹਾਂ ਦੀ ਚੈਰਿਟੀ ਦਿਨੋ-ਦਿਨ ਵਾਧਾ ਕਰੇਗੀ ਅਤੇ ਵਿਆਪਕ ਪ੍ਰਭਾਵ ਛੱਡੇਗੀ। ਦਿੱਕਤ ਇਹ ਹੈ ਕਿ ਜ਼ਿਆਦਾਤਰ ਭਾਰਤੀਆਂ ਕੋਲ ਮਾਨਸਿਕਤਾ ਦੀ ਘਾਟ ਹੈ ਜਾਂ ਇਸ ਤਰ੍ਹਾਂ ਕਹੀਏ ਕਿ ਸੌੜੀ ਮਾਨਸਿਕਤਾ ਹੈ। ਜਦੋਂ ਸਾਧਨਾਂ ਦੀ ਕਮੀ ਰਹਿੰਦੀ ਹੈ, ਉਦੋਂ ਇੱਕ ਵਿਸ਼ਾਲ ਘਾਟ ਵਾਲੀ ਮਾਨਸਿਕਤਾ ਲੋਕਾਂ 'ਚ ਵਿਕਸਿਤ ਹੁੰਦੀ ਹੈ। ਅਸੀਂ ਫਰਿੱਜ਼ ਨੂੰ ਲੌਕ ਕਰ ਕੇ ਵਿਕਸਿਤ ਹੋਏ, ਪਰ ਸਾਡੇ ਲਈ ਇਹ ਲੱਭਣਾ ਅਜੇ ਵੀ ਮੁਸ਼ਕਲ ਹੈ ਕਿ ਇਸ ਘਾਟ ਵਾਲੀ ਮਾਨਸਿਕਤਾ ਨੂੰ ਕਿਵੇਂ ਛੱਡਿਆ ਜਾਵੇ। ਘੱਟ ਸੋਚ ਦੀ ਮਾਨਸਿਕਤਾ ਨੂੰ ਅਸੀਂ ਹਾਲ ਹੀ ਵਿੱਚ ਪ੍ਰਵਾਸੀਆਂ 'ਤੇ ਹੋਏ ਹਮਲੇ ਦੇ ਨਾਲ ਇਸ ਦੀ ਵਿਆਖਿਆ ਕਰ ਸਕਦੇ ਹਾਂ। ਅਸੀਂ ਇਹ ਮੰਨ ਕੇ ਚੱਲਦੇ ਹਾਂ ਕਿ ਇਹ ਘੁਣ ਦੇ ਹਮਲੇ ਵਾਲੀ ਹੈ, ਜਿਸ ਨੇ ਭਾਰਤ ਵਿੱਚ ਸਾਧਨਾਂ ਨੂੰ ਸੁਕਾ ਦਿੱਤਾ ਹੈ। ਅਸੀਂ ਇਹ ਸੋਚਦੇ ਹਾਂ ਕਿ ਤੋਹਫਿਆਂ ਨਾਲ ਭਰਿਆ ਇੱਕ ਘੜਾ ਹੈ, ਜਿਸ ਨੂੰ ਨਾਜਾਇਜ਼ ਅਪ੍ਰਵਾਸੀ ਚੋਰੀ ਕਰ ਰਹੇ ਹਨ। ਅਸੀਂ ਇਹ ਕਿਉਂ ਨਹੀਂ ਸੋਚਦੇ ਕਿ ਕਿਉਂ ਨਾ ਅਸੀਂ ਅਜਿਹੇ ਘੜੇ ਹੋਰ ਬਣਾਈਏ। ਭਾਰਤ ਵਿੱਚ ਮੁਕਾਬਲੇ ਵਾਲੀ ਪ੍ਰੀਖਿਆ ਤੋਂ ਲੈ ਕੇ ਨੌਕਰੀ ਹਾਸਲ ਕਰਨ ਤੱਕ ਕਿਸੇ ਇੱਕ ਨੂੰ ਜਿੱਤਣ ਲਈ ਕੁਝ ਗੁਆਉਣਾ ਪੈਂਦਾ ਹੈ। ਇਥੋਂ ਤੱਕ ਕਿ ਹਿੰਦੂਆਂ ਦੇ ਇੱਕ ਵਰਗ ਵਿੱਚ ਮੁਸਲਿਮ ਭਾਈਚਾਰੇ ਦੇ ਵਿਰੁੱਧ ਨਾਰਾਜ਼ਗੀ ਇੱਕ ਘਾਟ ਵਾਲੀ ਮਾਨਸਿਕਤਾ ਕਾਰਨ ਪੈਦਾ ਹੋਈ ਹੈ। ਅਸੀਂ ਕਹਿੰਦੇ ਹਾਂ ਕਿ ਜਦੋਂ ਉਨ੍ਹਾਂ ਲਈ ਪਾਕਿਸਤਾਨ ਹੈ ਤਾਂ ਉਹ ਇਥੇ ਕਿਉਂ ਹਨ? ਇਹ ਅਜਿਹਾ ਤਰਕ ਹੈ, ਜੋ ਇਹ ਸੁਝਾਅ ਦਿੰਦਾ ਹੈ ਕਿ ਸਾਧਨ ਸੀਮਿਤ ਹਨ ਅਤੇ ਉਹ ਲੋਕ ਇਸ ਨੂੰ ਖਤਮ ਕਰ ਰਹੇ ਹਨ, ਪਰ ਇਸ ਤੋਂ ਪਹਿਲਾਂ ਮੁਸਲਿਮ ਤੁਸ਼ਟੀਕਰਨ ਸੀ। ਸਮਾਂ ਹੈ ਕਿ ਚੀਜ਼ਾਂ ਨੂੰ ਅਸੀਂ ਸਹੀ ਢੰਗ ਨਾਲ ਸਥਾਪਤ ਕਰੀਏ। ਕੁਝ ਅਜਿਹੇ ਵਿਚਾਰ ਵੀ ਹਨ, ਜੋ ਇਹ ਦੱਸਦੇ ਹਨ ਕਿ ਮੁਸਲਮਾਨਾਂ ਨੂੰ ਪਹਿਲਾਂ ਕੁਝ ਦੇ ਦਿੱਤਾ ਗਿਆ ਹੈ। ਉਨ੍ਹਾਂ ਤੋਂ ਵਾਪਸ ਲੈ ਲਿਆ ਜਾਵੇ ਤਾਂ ਕਿ ਸਾਡੇ ਕੋਲ ਇਹ ਜ਼ਿਆਦਾ ਮਾਤਰਾ ਵਿੱਚ ਆ ਜਾਵੇ। ਮਾਨਸਿਕਤਾ ਦੀ ਕਮੀ ਇਹ ਕਹਿੰਦੀ ਹੈ ਕਿ ਚੀਜ਼ਾਂ ਨੂੰ ਵਾਪਸ ਖੋਹ ਲਿਆ ਜਾਵੇ ਕਿਉਂਕਿ ਨਵੀਆਂ ਚੀਜ਼ਾਂ ਨੂੰ ਪੈਦਾ ਨਹੀਂ ਕੀਤਾ ਜਾ ਸਕਦਾ।

ਕੀ ਇਹ ਚੰਗਾ ਨਹੀਂ ਹੋਵੇਗਾ ਕਿ ਬੁਰੇ ਟੈਕਸ ਚੋਰਾਂ ਅਤੇ ਬੇਸ਼ਰਮ ਵਪਾਰੀਆਂ ਦੀ ਚੌਕੀਦਾਰੀ ਕੀਤੀ ਜਾਏ? ਸਾਨੂੰ ਨਾਜਾਇਜ਼ ਅਪ੍ਰਵਾਸੀਆਂ ਨੂੰ ਇਥੋਂ ਕਿਉਂ ਨਹੀਂ ਹਟਾਉਣਾ ਚਾਹੀਦਾ? ਜਾਂ ਇਤਿਹਾਸਕ ਤੌਰ 'ਤੇ ਹਿੰਦੂਆਂ ਨਾਲ ਹੋਈਆਂ ਜ਼ਿਆਦਤੀਆਂ ਲਈ ਮੁਸਲਮਾਨਾਂ ਨੂੰ ਕਿਉਂ ਜ਼ਿੰਮੇਵਾਰ ਠਹਿਰਾਇਆ ਜਾਵੇ?

ਮੈਂ ਉਕਤ ਬਿਆਨਾਂ ਦੀ ਕੱਟੜਤਾ ਵਿੱਚ ਨਹੀਂ ਜਾਣਾ ਚਾਹੁੰਦਾ। ਮੈਂ ਸਿਰਫ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਵਿਅਕਤੀ ਜਾਂ ਦੇਸ਼ ਹੋਵੇ, ਅੱਗੇ ਵਧਣ ਲਈ ਤੁਹਾਡੀ ਖੁੱਲ੍ਹੀ ਮਾਨਸਿਕਤਾ ਹੋਣੀ ਚਾਹੀਦੀ ਹੈ। ਵਪਾਰ ਧਨ ਦੀ ਸਿਰਜਣਾ ਕਰਦਾ ਹੈ। ਪ੍ਰਵਾਸੀ ਨਾਜਾਇਜ਼ ਢੰਗ ਨਾਲ ਦਾਖਲ ਹੁੰਦਾ ਹੈ। ਉਹ ਜੀ ਡੀ ਪੀ ਵਿੱਚ ਆਪਣਾ ਯੋਗਦਾਨ ਦੇ ਸਕਦਾ ਹੈ ਅਤੇ ਆਪਣੀ ਅਹਿਮੀਅਤ ਵੀ ਰੱਖਦਾ ਹੈ। ਮੁਸਲਮਾਨ ਸੰਤੁਸ਼ਟ ਸਨ। ਉਹ ਪ੍ਰਤਿਭਾਵਾਨ ਹਨ ਅਤੇ ਭਾਰਤ ਦੇ ਵਾਧੇ ਦੀ ਕਹਾਣੀ ਲਿਖਣ ਵਿੱਚ ਵੱਡਾ ਯੋਗਦਾਨ ਰੱਖਦੇ ਹਨ। ਪਹਿਲਾ ਬਿਆਨ ਘਾਟ ਵਾਲੀ ਮਾਨਸਿਕਤਾ ਤੋਂ ਆ ਸਕਦਾ ਹੈ ਅਤੇ ਦੂਜਾ ਖੁੱਲ੍ਹੀ ਮਾਨਸਿਕਤਾ ਤੋਂ ਆਉਂਦਾ ਹੈ। ਪਹਿਲੀ ਮਾਨਸਿਕਤਾ ਸਾਨੂੰ ਹੌਲੀ ਕਰ ਦਿੰਦੀ ਤੇ ਆਪੋ ਵਿੱਚ ਲੜਾਉਂਦੀ ਹੈ। ਉਥੇ ਹੀ ਦੂਜੀ ਮਾਨਸਿਕਤਾ ਭਾਰਤ ਨੂੰ ਅੱਗੇ ਵਧਾਉਂਦੀ ਹੈ। ਰਾਸ਼ਟਰ ਦੇ ਨਾਤੇ ਸਾਨੂੰ ਇਹ ਸੋਚਣਾ ਨਹੀਂ ਚਾਹੀਦਾ ਕਿ ਹੋਰਨਾਂ ਨੇ ਕੀ ਚੋਰੀ ਕੀਤਾ। ਸਾਨੂੰ ਆਪਣਾ ਧਿਆਨ ਇਸ 'ਤੇ ਰੱਖਣਾ ਚਾਹੀਦਾ ਹੈ ਕਿ ਅਸੀਂ ਕਿਵੇਂ ਹੋਰ ਜ਼ਿਆਦਾ ਸਾਧਨ ਪੈਦਾ ਕਰ ਸਕਦੇ ਹਾਂ।

ਆਂਟੀ ਨੂੰ ਇਸ ਗੱਲ ਦੀ ਚੌਕੀਦਾਰੀ ਨਹੀਂ ਕਰਨੀ ਚਾਹੀਦੀ ਕਿ ਕੀ ਚੋਰੀ ਹੋ ਰਹੀ ਹੈ, ਸਗੋਂ ਉਸ ਨੂੰ ਆਪਣੀ ਊਰਜਾ ਨੌਕਰਾਣੀ ਨੂੰ ਦੁੱਧ ਅਤੇ ਬਟਰ ਲੈ ਲੈਣ ਲਈ ਲਾਉਣੀ ਚਾਹੀਦੀ ਹੈ ਅਤੇ ਆਪਣੀ ਫਰਿੱਜ ਨੂੰ ਲੌਕ ਨਹੀਂ ਕਰਨਾ ਚਾਹੀਦਾ। ਉਸ ਨੂੰ ਆਪਣਾ ਧਿਆਨ ਆਪਣੇ ਆਰਾਮ ਅਤੇ ਅਧਿਆਤਮਕ ਵਾਧੇ 'ਤੇ ਲਾਉਣਾ ਚਾਹੀਦਾ ਹੈ। ਲਗਾਤਾਰ ਘਰ ਦੀ ਜਾਂਚ ਕਰਨ ਦੀ ਬਜਾਏ ਉਸ ਨੂੰ ਆਨੰਦ ਮਾਣਨਾ ਚਾਹੀਦਾ ਹੈ ਅਤੇ ਇਹ ਸੋਚਣਾ ਚਾਹੀਦਾ ਹੈ ਕਿ ਹਰੇਕ ਲਈ ਇਥੇ ਬਹੁਤ ਕੁਝ ਹੈ। ਆਓ, ਅਸੀਂ ਬਹੁਤਾਤ ਵਾਲੀ ਮਾਨਸਿਕਤਾ ਨੂੰ ਗਲੇ ਲਾਈਏ। ਆਪਣੇ ਦੇਸ਼ ਨੂੰ ਸ਼ਾਨਦਾਰ ਬਣਾਉਣ ਲਈ ਅਸੀਂ ਚੌਕੀਦਾਰੀ ਘੱਟ ਕਰੀਏ ਅਤੇ ਜ਼ਿਆਦਾ ਹਿੱਸੇਦਾਰ ਬਣੀਏ।

# ਸ਼੍ਰੋਮਣੀ ਅਕਾਲੀ ਦਲ-ਸਿਧਾਂਤਹੀਣਤਾ ਵੱਲ ਵਧਦੇ ਕਦਮ

-ਗੁਰਦਰਸ਼ਨ ਸਿੰਘ ਲੁੱਧੜ

ਇਹ ਸਾਲ ਦੇਸ਼ ਦੀ ਸਭ ਤੋਂ ਪੁਰਾਣੀ ਅਤੇ ਪ੍ਰਭਾਵਸ਼ਾਲੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਸ਼ਤਾਬਦੀ ਵਰ੍ਹਾ ਹੈ। ਜ਼ੁਲਮ, ਅਨਿਆਂ ਤੇ ਕੁਰੀਤੀਆਂ ਵਿਰੁੱਧ ਉਤਪਨ ਹੋਏ ਰੋਹ ਤੋਂ ਉਪਜੀ ਅਤੇ ਵਿਗਸੀ ਇਸ ਪਾਰਟੀ ਵੱਲੋਂ ਇੱਕ ਸਦੀ ਦੇ ਸਫ਼ਰ ਦੌਰਾਨ ਵਿੱਢੇ ਸੰਘਰਸ਼ਾਂ, ਮੁਹਿੰਮਾਂ, ਕੁਰਬਾਨੀਆਂ, ਸਫਲਤਵਾਂ ਅਤੇ ਖ਼ੂਬੀਆਂ ਬਾਰੇ ਲਿਖੀ ਗਈ ਚਰਚਾ 20ਵੀਂ ਸਦੀ ਦਾ ਇਤਿਹਾਸਕ ਦਸਤਾਵੇਜ਼ ਬਣ ਚੁੱਕੀ ਹੈ। ਦੂਜੇ ਪਾਸੇ ਇੱਕ ਸ਼ਤਾਬਦੀ ਪੂਰੀ ਕਰ ਚੁੱਕੇ ਅਕਾਲੀ ਦਲ ਦੇ ਮਗਰਲੇ 25 ਸਾਲਾਂ ਦੀ ਕਾਰਗੁਜ਼ਾਰੀ ਇਸ ਦੀ ਮੁੱਢਲੀ ਭੂਮਿਕਾ ਤੋਂ ਪੂਰੀ ਤਰ੍ਹਾਂ ਵੱਖਰੀ ਹੈ। ਇਸ ਸੰਬੰਧ ਵਿੱਚ ਇਹ ਮੰਥਨ ਕਰਨਾ ਬਣਦਾ ਹੈ ਕਿ ਪਾਰਟੀ ਵਿੱਚ ਸ਼ਤਾਬਦੀ ਅੰਤਲੇ ਇੱਕ ਚੌਥਾਈ ਸਮੇਂ ਦੌਰਾਨ ਕੀਤੀ ਗਈ ਨੀਤੀਗਤ ਤਬਦੀਲੀ ਸਮੇਂ ਦੌਰਾਨ ਕੀਤੀ ਗਈ ਨੀਤੀਗਤ ਤਬਦੀਲੀ ਸਮੇਂ ਦੀ ਲੋੜ ਸੀ ਜਾਂ ਕੁਰਬਾਨੀਆਂ ਮੁਹਿੰਮਾਂ ਦਾ ਰਾਹ ਛੱਡ ਕੇ ਸਿਰਫ਼ ਪੁਰਾਣੇ ਅਕਾਲੀ ਦਲ ਦੇ ਹੇਠ ਸਿਰਫ਼ ਸੂਬੇ ਦੀ ਰਾਜ ਸੱਤਾ ਹਥਿਆਉਣ ਦੀ ਹੀ ਕਾਢ?

ਅਕਾਲੀ ਦਲ ਨੇ ਆਪਣੇ ਸ਼ੁਰੂ ਦੇ ਦੌਰ ਸਮੇਂ ਗੁਰਦੁਆਰਾ ਸੁਧਾਰ ਲਹਿਰ ਹੇਠ ਗੁਰਧਾਮਾਂ ਨੂੰ ਮਹੰਤਾਂ ਪਾਸੋਂ ਆਜ਼ਾਦ ਕਰਾਉਣ ਲਈ ਮੋਰਚੇ ਲਾ ਕੇ ਸਟੇਟ ਨੂੰ ਪਾਰਟੀ ਦੀ ਪੰਥ ਪ੍ਰਸਤੀ ਦਾ ਅਹਿਸਾਸ ਕਰਾਇਆ। ਸਾਕਾ ਨਨਕਾਣਾ ਸਾਹਿਬ, ਮੋਰਚਾ ਗੁਰੂ ਕਾ ਬਾਗ, ਜੈਤੋ ਦਾ ਮੋਰਚਾ ਤੇ ਚਾਬੀਆਂ ਦਾ ਮੋਰਚਾ ਮੁੱਢਲੀ ਅਕਾਲੀ ਰਾਜਨੀਤੀ ਵੱਲੋਂ ਸਥਾਪਿਤ ਕੀਤੇ ਗਏ ਕੁਰਬਾਨੀਆਂ ਦੇ ਮੀਲ ਪੱਥਰ ਹਨ। ਸੰਘਰਸ਼ਾਂ ਨਾਲ ਚਲਦਿਆਂ ਅਕਾਲੀ ਜਥੇਬੰਦੀ ਦੇ ਆਗੂਆਂ ਨੂੰ ਘਰੋਂ ਬੇਘਰ ਹੋ ਕੇ ਕੈਦਾਂ ਕੱਟਣੀਆਂ ਪਈਆਂ ਤੇ ਜੁਰਮਾਨੇ ਭਰਨੇ ਪਏ। ਜਥੇਬੰਦੀ ਦੇ ਨਿਸੁਆਰਥ ਆਗੂਆਂ ਨੂੰ ਤਿਆਗ ਦੀ ਗੁੜ੍ਹਤੀ ਨੇ ਪੰਥਕ ਜਜ਼ਬੇ ਦੇ ਅਜਿਹੇ ਰੰਗ ਵਿੱਚ ਰੰਗਿਆ ਹੋਇਆ ਸੀ ਕਿ ਕਿਸੇ ਵੀ ਪੱਧਰ ਦੇ ਸਰਕਾਰੀ ਰੁਤਬੇ ਅਤੇ ਧਨ-ਦੌਲਤ ਦੇ ਲਾਲਚ ਚਿੱਤ-ਚੇਤੇ ਵੀ ਨਹੀਂ ਸੀ ਆਉਂਦੇ। ਆਜ਼ਾਦ ਭਾਰਤ ਵਿੱਚ ਸਿੱਖਾਂ ਲਈ ਰਾਜਸੀ ਤੌਰ 'ਤੇ ਖ਼ੁਦਮੁਖਤਾਰ ਹੋ ਕੇ ਆਜ਼ਾਦੀ ਦਾ ਨਿੱਘ ਮਾਨਣ ਵਾਲਾ ਖਿੱਤਾ ਹਾਸਲ ਕਰਾਉਣ ਕਰਨ ਦੇ ਵਾਅਦੇ ਤੋਂ ਮੁੱਕਰੀ ਭਾਰਤੀ ਸਟੇਟ ਦੇ ਖ਼ਿਲਾਫ਼ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਮੋਰਚੇ, ਦੇਸ਼ ਵਿੱਚ ਜਮਹੂਰੀ ਹੱਕਾਂ ਦੀ ਬਹਾਲੀ ਲਈ ਐਮਰਜੈਂਸੀ ਦੇ ਮੋਰਚੇ ਤੇ ਧਰਮ ਯੁੱਧ ਮੋਰਚੇ ਦੀ ਅਗਵਾਈ ਕਰਦਿਆਂ ਪੰਥ ਅਤੇ ਪੰਜਾਬ ਦੀ ਬੇਬਾਕ ਹੋ ਕੇ ਤਰਜ਼ਮਾਨੀ ਕੀਤੀ ਸੀ।

ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਕੀਤੀ 1984 ਦੀ ਫ਼ੌਜੀ ਕਰਵਾਈ ਤੋਂ ਲੈ ਕੇ ਇੱਕ ਦਹਾਕਾ ਅਕਾਲੀ ਦਲ ਦੀ ਲੀਡਰਸ਼ਿਪ ਦੇ ਵੱਡੇ ਹਿੱਸੇ ਨੇ ਪੰਜਾਬੀ ਖਿੱਤੇ ਨਾਲ ਹੋਏ ਵਿਤਕਰਿਆਂ ਅਤੇ ਸਰਕਾਰੀ ਜਬਰ ਵਿਰੁੱਧ ਲਕੀਰ ਖਿੱਚੀ ਰੱਖੀ। ਪੰਜਾਬ ਵਿੱਚ ਗਵਰਨਰੀ ਰਾਜ ਤੇ ਬੇਅੰਤ ਸਿੰਘ ਸਰਕਾਰ ਸਮੇਂ ਹੁੰਦੀਆਂ ਪੁਲਸ ਵਧੀਕੀਆਂ ਅਤੇ ਝੂਠੇ ਪੁਲਸ ਮੁਕਾਬਲਿਆਂ ਵਿਰੁੱਧ ਅਕਾਲੀ ਆਗੂਆਂ ਨੇ ਲਹਿਰ ਖੜ੍ਹੀ ਕੀਤੀ। ਇਸ ਦੌਰਾਨ ਸਰਕਾਰੀ ਜਬਰ ਦੇ ਭੰਨੇ ਲੋਕਾਂ ਨਾਲ ਅਕਾਲੀ ਸਰਕਾਰ ਬਣਨ 'ਤੇ ਪੁਲਸ ਵਧੀਕੀਆਂ ਅਤੇ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਕਮਿਸ਼ਨ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ। 1995 ਵਿੱਚ ਅਕਾਲੀ ਦਲ ਦੀ 75ਵੀਂ ਵਰ੍ਹੇਗੰਢ ਵੇਲੇ ਪਾਰਟੀ ਦੀ ਕਾਰਗੁਜ਼ਾਰੀ ਦਾ ਨਵਾਂ ਚੈਪਟਰ ਸ਼ੁਰੂ ਹੋਇਆ। ਇਹ ਉਹ ਸਮਾਂ ਸੀ, ਜਦੋਂ ਪੰਜਾਬ ਵਿੱਚ ਚੱਲਦੀ ਹਥਿਆਰਬੰਦ ਖਾੜਕੂ ਲਹਿਰ ਦਿਸ਼ਾਹੀਣ ਹੋਣ ਉਪਰੰਤ ਪਤਨ ਵੱਲ ਜਾ ਚੁੱਕੀ ਸੀ ਅਤੇ ਆਮ ਲੋਕਾਂ ਦਾ ਜਜ਼ਬਾਤੀ ਰੌਂਅ ਗਰਮ ਨਾਅਰਿਆਂ ਦੀ ਰਾਜਨੀਤੀ ਤੋਂ ਖਿਝ ਹੋ ਕੇ ਅਕਾਲੀ ਦਲ ਦੀ ਰਵਾਇਤੀ ਲੀਡਰਸ਼ਿਪ ਵੱਲ ਉੱਲਰ ਚੁੱਕਾ ਸੀ। ਦੂਜੇ ਪਾਸੇ ਰਵਾਇਤੀ ਅਕਾਲੀ ਸਿਆਸਤ ਵੀ ਕੁਰਬਾਨੀ ਤੋਂ ਖ਼ੁਦਗਰਜ਼ੀ ਵੱਲ ਮੋੜਾ ਕੱਟ ਚੁੱਕੀ ਸੀ। ਪਾਰਟੀ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦੇ ਸਾਥੀ ਆਗੂ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਰਾਜਸੀ ਅਖਾੜੇ ਵਿੱਚ ਉਤਾਰਨ ਦੀਆਂ ਸਲਾਹਾਂ ਦੇ ਰਹੇ ਸਨ ਅਤੇ ਉਨ੍ਹਾਂ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੂੰ ਉਪ ਚੋਣ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਿਆ ਜਾ ਚੁੱਕਾ ਸੀ, ਜਦੋਂ ਕਿ ਅਕਾਲੀ ਦਲ ਦੇ 75 ਸਾਲਾ ਇਤਿਹਾਸ ਵਿੱਚ ਪ੍ਰਸ਼ਾਸਨਿਕ ਅਤੇ ਜਥੇਬੰਦੀ ਅਹੁਦਿਆਂ ਲਈ ਪਰਵਾਰਵਾਦ ਨੂੰ ਖ਼ਾਸ ਥਾਂ ਦੇਣ ਦੀ ਕੋਈ ਮਿਸਾਲ ਨਹੀਂ ਸੀ। ਪਾਰਟੀ ਦੇ ਜਮਹੂਰੀ ਅਤੀਤ ਨੂੰ ਅਣਗੌਲਿਆਂ ਕਰਦਿਆਂ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਰਣਜੀਤ ਸਿੰਘ ਬ੍ਰਹਮਪੁਰਾ, ਗੁਰਦੇਵ ਸਿੰਘ ਬਾਦਲ, ਸੇਵਾ ਸਿੰਘ ਸੇਖਵਾਂ, ਤੋਤਾ ਸਿੰਘ, ਰਤਨ ਸਿੰਘ ਅਜਨਾਲਾ ਅਤੇ ਹੋਰਨਾਂ ਲੀਡਰਾਂ ਵੱਲੋਂ ਆਪੋ-ਆਪਣੀ ਖੇਤਰੀ ਰਾਜਸੀ ਸ਼ਕਤੀ ਲਈ ਆਸ ਦੀ ਕਿਰਨ ਜਾਪਦੇ ਮਹਾਂਰਥੀ ਪ੍ਰਕਾਸ਼ ਸਿੰਘ ਬਾਦਲ ਨੂੰ 'ਚਣੌਤੀ ਰਹਿਤ ਸਿੰਘਾਸਨ' 'ਤੇ ਨਿਵਾਜਣ ਲਈ ਲੋੜੀਂਦੇ ਮੰਚ ਦੀ ਤਲਾਸ਼ ਕੀਤੀ ਜਾਣ ਲੱਗੀ।

ਫਰਵਰੀ 1996 ਵਿੱਚ ਅਕਾਲੀ ਦਲ ਨੇ ਮੋਗਾ ਵਿਖੇ ਕਾਨਫਰੰਸ ਕਰਕੇ ਪਾਰਟੀ ਨੂੰ ਸਿੱਖਾਂ ਦੀ ਨੁਮਾਇੰਦਾ ਪਾਰਟੀ ਦੀ ਥਾਂ ਪੰਜਾਬੀਆਂ ਦੀ ਪਾਰਟੀ ਐਲਾਨਿਆ। ਅਕਾਲੀ ਦਲ ਦਾ ਇਹ ਬਦਲਵਾਂ ਪੈਂਤੜਾ ਵੋਟ ਬੈਂਕ ਵਧਾਉਣ ਦੇ ਨਾਲ-ਨਾਲ ਅਕਾਲੀ ਖਾਸੇ (ਜੁਝਾਰੂ ਸੁਭਾਅ) ਨੂੰ ਤਬਦੀਲ ਕਰਨ ਵੱਲ ਵੀ ਪੇਸ਼ਕਦਮੀ ਸੀ। ਅਕਾਲੀ ਦਲ ਦੀ ਇਹ ਨਵੀਂ ਹੈਸੀਅਤ ਐਲਾਨੀਆਂ ਤੌਰ 'ਤੇ ਪੰਜਾਬੀਆਂ ਦੀ ਪਾਰਟੀ ਭਾਵ ਇੱਕ ਭਾਸ਼ਾ ਆਧਾਰਿਤ ਖੇਤਰ ਦੀ ਪਾਰਟੀ ਸੀ, ਪਰ ਇਸਦਾ ਲੁਕਵਾਂ ਏਜੰਡਾ ਪਾਰਟੀ ਦੀ ਵਿਚਾਰਧਾਰਾ ਨੂੰ ਰਾਸ਼ਟਰਵਾਦੀ ਬਣਾਉਣ ਵੱਲ ਸੇਧਿਤ ਸੀ। ਇਸ ਨਾਲ ਖਾੜਕੂ ਦੌਰ ਵਿੱਚੋਂ ਗੁਜ਼ਰੇ ਪੰਥਕ ਪੰਜਾਬੀਆਂ ਦੇ ਸਮਾਜਿਕ ਅਨੁਸ਼ਾਸਨ ਵਿੱਚ ਵੀ ਬਦਲਾਓ ਆਇਆ। ਜਿਹੜੇ ਅਕਾਲੀ ਖਿੱਤੇ ਵਿੱਚ ਗ਼ੈਰ ਸਿੱਖ ਲੋਕ ਵੀ ਸਿਰਾਂ 'ਤੇ ਪੱਗਾਂ ਬੰਨ੍ਹਦੇ ਸਨ, ਉਥੇ ਸਿੱਖ ਪਰਵਾਰਾਂ ਦੀ ਨਵੀਂ ਪੀੜ੍ਹੀ ਨੰਗੇ ਸਿਰ ਰਹਿਣ ਜਾਂ ਟੋਪੀ ਪਹਿਨਣ ਨੂੰ ਪਹਿਲ ਦੇਣ ਲੱਗੀ। ਅਕਾਲੀ ਦਲ ਦੇ ਸਿੱਖ ਪੰਥ ਦੀ ਪਾਰਟੀ ਹੁੰਦਿਆਂ ਅਕਾਲੀ ਸਮਾਜ ਵਿੱਚ ਸ਼ਰਾਬ ਦੀ ਵਰਤੋਂ ਵਰਜਿਤ ਹੁੰਦੀ ਸੀ, ਜਦੋਂ ਕਿ ਪਾਰਟੀ ਤੋਂ ਪੰਥਕ ਨੁਮਾਇੰਦਾ ਜਥੇਬੰਦੀ ਦਾ ਫੱਟਾ ਲਹਿੰਦਿਆਂ ਸਾਰ ਨਿਰਸੰਕੋਚ ਸ਼ਰਾਬੀਆਂ ਦੀ ਵੱਡੀ ਫ਼ੌਜ ਪਾਰਟੀ ਵਿੱਚ ਭਰਤੀ ਹੋ ਗਈ। ਪੰਜਾਬੀਆਂ ਦੀ ਪਾਰਟੀ ਬਣੇ ਅਕਾਲੀ ਦਲ ਨੇ ਐਸ ਜੀ ਪੀ ਸੀ ਚੋਣਾਂ-1996 ਦੌਰਾਨ ਕਾਫ਼ੀ ਅਜਿਹੇ ਵਿਅਕਤੀਆਂ ਨੂੰ ਪਾਰਟੀ ਟਿਕਟਾਂ ਦਿੱਤੀਆਂ ਜੋ ਗੁਰਬਾਣੀ ਦੇ ਨਿਤਨੇਮ, ਧਰਮ ਪ੍ਰਚਾਰ ਤੇ ਪੰਥਕ ਮਰਿਆਦਾ ਤੋਂ ਹਟਵੇਂ ਸਨ। ਕੁਝ ਉਮੀਦਵਾਰਾਂ ਨੇ ਅੰਮ੍ਰਿਤਪਾਨ ਵੀ ਪਾਰਟੀ ਟਿਕਟਾਂ ਮਿਲਣ ਤੋਂ ਬਾਅਦ ਹੀ ਕੀਤਾ। ਉਨ੍ਹਾਂ ਕੋਲ ਸਿਰਫ਼ ਪਾਰਟੀ ਪ੍ਰਧਾਨ ਦੇ ਨਿੱਜੀ ਵਫ਼ਾਦਾਰ ਹੋਣ ਦੀ ਮੈਰਿਟ ਸੀ। ਇਸ ਹਾਲਤ ਵਿੱਚ ਜੇ ਐਸ ਜੀ ਪੀ ਸੀ ਪ੍ਰਧਾਨ ਦੀ ਚੋਣ ਪਾਰਟੀ ਪ੍ਰਧਾਨ ਦੇ ਲਿਫ਼ਾਫ਼ੇ ਮੁਤਾਬਕ ਨਾ ਹੁੰਦੀ ਤਾਂ ਹੋਰ ਕੀ ਹੁੰਦਾ? ਇਸੇ ਸ਼੍ਰੋਮਣੀ ਕਮੇਟੀ ਵੱਲੋਂ ਹੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਦੂਸਰੇ ਜਥੇਦਾਰਾਂ ਦੀ ਨਿਯੁਕਤੀ ਅਤੇ ਛੁੱਟੀ ਹੁੰਦੀ ਰਹੀ। ਸਿੱਖ ਪੰਥ ਦੀ ਸ਼ਾਨਾਮੱਤੀ ਪੰਚ ਪ੍ਰਧਾਨੀ ਪ੍ਰਥਾ ਪੰਜਾਬੀਆਂ ਦੀ ਪਾਰਟੀ ਦੇ ਕੇਂਦਰੀਕਰਨ ਦੇ ਅਧੀਨ ਹੋ ਕੇ ਰਹਿ ਗਈ।

ਅਕਾਲੀ ਦਲ ਦੇ ਸੰਘਰਸ਼ਹੀਣ ਹੋਣ ਉਪਰੰਤ ਸਰਕਲ ਜਥੇਦਾਰ, ਜ਼ਿਲ੍ਹਾ ਜਥੇਦਾਰ ਤੇ ਹੋਰ ਅਹੁਦੇਦਾਰੀਆਂ ਦੀ ਚੋਣ ਲਈ ਵੀ ਪੈਮਾਨੇ ਬਦਲ ਗਏ। ਪਾਰਟੀ ਵਿੱਚ ਕੁਰਬਾਨੀ ਅਤੇ ਤਿਆਗ ਵਾਲੀ ਮੈਰਿਟ ਦੀ ਥਾਂ ਪਹੁੰਚਵਾਨ ਰੁਝਾਨ ਭਾਰੂ ਹੋ ਗਿਆ। ਵਾਰ-ਵਾਰ ਚੋਣਾਂ ਹਾਰੇ ਆਗੂਆਂ ਨੂੰ ਨਾਮਜ਼ਦਗੀਆਂ ਰਾਹੀਂ ਸਰਕਾਰਾਂ ਵਿੱਚ ਅਹੁਦਿਆਂ ਦੀ ਬਖਸ਼ਿਸ਼ ਸ਼ੁਰੂ ਹੋਣ ਨਾਲ ਸਬੰਧਿਤ ਨੇਤਾ ਜਨ ਆਧਾਰ ਸਥਾਪਿਤ ਕਰਨ ਵਾਲੀ ਗਰਜ ਤੋਂ ਬੇਗਰਜ ਹੁੰਦੇ ਗਏ। ਪਾਰਟੀ ਵਿੱਚ ਵਿਚਾਰਾਂ ਅਤੇ ਰਾਇ ਮਸ਼ਵਰੇ ਦੀ ਗੁੰਜਾਇਸ਼ ਖ਼ਤਮ ਹੋਣ ਲੱਗੀ। ਕੋਈ ਸਮਾਂ ਹੁੰਦਾ ਸੀ ਕਿ ਪਾਰਟੀ ਦੇ ਵੱਡੇ ਛੋਟੇ ਨੇਤਾ ਗੁਰੂ ਘਰਾਂ ਵਿੱਚ ਹੁੰਦੀਆਂ ਪਾਰਟੀ ਦੀਆਂ ਜਥੇਬੰਦਕ ਮੀਟਿੰਗਾਂ ਦੌਰਾਨ ਕਿਸੇ ਵੀ ਮੁੱਦੇ 'ਤੇ ਖੁੱਲ੍ਹ ਕੇ ਬਹਿਸ-ਮੁਬਾਹਸੇ ਕਰਦੇ ਸਨ। ਪਾਰਟੀ ਪੱਧਰ 'ਤੇ ਕਿਸੇ ਵੀ ਅਸੂਲੋਂ ਥਿੜਕਵੀਂ ਨੀਤੀ ਬਾਰੇ ਗੱਲ ਮੂੰਹ 'ਤੇ ਆਖ ਕੇ ਦਰੁਸਤੀ ਕਰਾਉਂਦੇ ਸਨ, ਪਰ ਉਹ ਪੰਥਪ੍ਰਸਤ ਅਕਾਲੀ ਜਥੇਦਾਰ ਸੱਥਾਂ ਜਾਂ ਜਨਤਕ ਥਾਵਾਂ 'ਤੇ ਅਕਾਲੀ ਦਲ ਦੀ ਨਿੰਦਿਆ ਬਰਦਾਸ਼ਤ ਨਹੀਂ ਸਨ ਕਰਦੇ, ਪਰ ਅੱਜਕੱਲ੍ਹ ਪਾਰਟੀ ਦੇ ਵੱਡੇ ਆਗੂਆਂ ਦੀ ਪ੍ਰੈਸ ਬਿਆਨਾਂ ਰਾਹੀਂ ਜਾਂ ਮੂੰਹ 'ਤੇ ਬੇਲੋੜੀ ਵਡਿਆਈ ਅਤੇ ਪਿੱਠ ਪਿੱਛੇ ਬੁਰਾ ਕਹਿਣ ਦੀ ਫਿਤਰਤ ਭਾਰੂ ਹੈ। ਪਾਰਟੀ ਵਿੱਚ ਬਹੁਤੇ ਆਗੂ ਇਸੇ 'ਚਾਪਲੂਸੀ ਕਲਾ' ਦੀ ਖੱਟੀ ਖਾਂਦੇ ਹਨ। ਪਹਿਲਾਂ ਕਿਸੇ ਅਕਾਲੀ ਆਗੂ ਦੇ ਵੱਧ ਸੀਨੀਅਰ ਹੋਣ ਦੀ ਪੈਮਾਇਸ਼ ਉਸਦੀ ਪਾਰਟੀ ਪ੍ਰਤੀ ਪੁਰਾਣੀ ਵਫ਼ਾਦਾਰੀ, ਸੰਘਰਸ਼, ਜੇਲ੍ਹ ਯਾਤਰਾ ਅਤੇ ਜਥੇਬੰਦਕ ਸਫ਼ਾਂ ਵਿਚਲੀ ਵਰਕਿੰਗ ਘਾਲਣਾ ਤੇ ਦਿਆਨਤਦਾਰੀ ਤੋਂ ਹੁੰਦੀ ਸੀ ਜਦੋਂ ਕਿ ਅੱਜਕੱਲ੍ਹ ਉਹੀ ਆਗੂ ਜ਼ਿਆਦਾ ਸੀਨੀਅਰ ਅਕਾਲੀ ਅਖਵਾਉਂਦਾ ਹੈ ਜਿਸਦੇ ਕੋਟੇ 'ਚੋਂ ਉਸਦੇ ਪੁੱਤਰ, ਜਵਾਈ ਤੇ ਹੋਰ ਵੱਧ ਤੋਂ ਵੱਧ ਰਿਸ਼ਤੇਦਾਰ ਪਾਰਟੀ ਦੇ ਜ਼ਰੀਏ ਵਿਧਾਨਕਾਰੀਆਂ ਤੇ ਹੋਰ ਅਹੁਦੇ ਲੈ ਚੁੱਕੇ ਹੋਣ। ਅਜਿਹੇ ਅਕਾਲੀ ਨਿਜ਼ਾਮ ਵਿੱਚ ਪੰਥ ਤੇ ਪੰਜਾਬ ਦੇ ਸ਼ੁਭਚਿੰਤਕ ਮੁਹਿੰਮਬਾਜ਼ ਲੋਕ ਹਾਸ਼ੀਏ 'ਤੇ ਹਨ। ਖੁੱਸ ਚੁੱਕੇ ਪੰਥਕ ਵੋਟ ਬੈਂਕ ਦੇ ਖੱਪੇ ਨੂੰ ਪੂਰਨ ਲਈ ਅਤੇ ਕੇਂਦਰ ਵਿੱਚ ਰਸੂਖ ਸਥਾਪਿਤ ਕਰਨ ਲਈ ਅਕਾਲੀ ਦਲ ਉਸ ਭਾਰਤੀ ਜਨਤਾ ਪਾਰਟੀ 'ਤੇ ਨਿਰਭਰ ਹੋ ਗਿਆ ਹੈ, ਜਿਸ ਦੀਆਂ ਨੀਤੀਆਂ ਧਰਮਯੁੱਧ ਅਕਾਲੀ ਮੋਰਚੇ ਦੀਆਂ ਮੰਗਾਂ ਜਿਵੇਂ ਪੰਜਾਬ ਬੋਲਦੇ ਇਲਾਕਾਈ ਮਸਲੇ, ਰਿਪੇਰੀਅਨ ਕਾਨੂੰਨ ਨਾਲ ਦਰਿਆਈ ਪਾਣੀਆਂ ਦੀ ਵੰਡ, ਰਾਜ ਦੀ ਖ਼ੁਦਮੁਖਤਿਆਰੀ ਵਾਲਾ ਆਨੰਦਪੁਰ ਦਾ ਮਤਾ ਤੇ ਹੋਰਨਾਂ ਮਸਲਿਆਂ ਦੇ ਉਲਟ ਸਨ, ਜਿਸ ਦਾ ਪ੍ਰਗਟਾਵਾ ਭਾਜਪਾ ਆਗੂਆਂ ਵੱਲੋਂ ਹਿੰਦੂ ਰਾਸ਼ਟਰ, ਦਰਿਆਵਾਂ ਦਾ ਕੌਮੀਕਰਨ, ਜੰਮੂ ਕਸ਼ਮੀਰ ਦੇ ਵੱਧ ਅਧਿਕਾਰ ਖੋਹਣ ਨੂੰ ਦਰੁਸਤ ਕਰਾਰ ਦੇ ਕੇ ਕੀਤਾ ਜਾ ਰਿਹਾ ਹੈ। ਦੇਸ਼ ਦੀਆਂ ਖੇਤਰੀ ਪਾਰਟੀਆਂ ਵਿੱਚੋਂ ਇਹ ਵਿਲੱਖਣ ਫਖਰ ਅਕਾਲੀ ਦਲ ਦੇ ਹਿੱਸੇ ਆਉਂਦਾ ਸੀ ਕਿ ਅਕਾਲੀ ਭਾਵੇਂ ਪੂਰਾ ਸਮਾਂ ਸਰਕਾਰ ਨਾ ਚਲਾ ਸਕਣ, ਪਰ ਦੇਸ਼ ਵਿੱਚ ਇਸ ਪਾਰਟੀ ਵਰਗੀ ਵਿਰੋਧੀ ਪਾਰਟੀ ਦਾ ਰੋਲ ਹੋਰ ਕੋਈ ਪਾਰਟੀ ਨਹੀਂ ਕਰ ਸਕਦੀ। ਅਕਾਲੀ ਦੀ ਅੱਜਕੱਲ੍ਹ ਭਾਜਪਾ ਉਪਰ ਹੋਈ ਨਿਰਭਰਤਾ ਅਤੇ ਪਰਵਾਰਕ ਖ਼ੁਦਗਰਜ਼ੀਆਂ ਨੇ ਸਿਆਸੀ ਦਬਦਬਾ ਬੇਹੱਦ ਕਮਜ਼ੋਰ ਕਰਕੇ ਰੱਖ ਦਿੱਤਾ ਹੈ। ਅਕਾਲੀ ਦਲ ਵੱਲੋਂ ਭਾਜਪਾ ਨਾਲ ਪਾਈ ਹੋਈ ਭਾਈਵਾਲੀ ਇਸ ਦੀਆਂ ਕੇਂਦਰੀ ਸਰਕਾਰਾਂ ਤੋਂ ਪੰਜਾਬ ਜਾਂ ਪੰਜਾਬੀਆਂ ਲਈ ਕੁਝ ਹਾਸਿਲ ਨਹੀਂ ਕਰਵਾ ਸਕੀ। ਦਰਿਆਈ ਪਾਣੀਆਂ ਦੇ ਹੱਕ, ਪੰਜਾਬੀ ਬੋਲਦੇ ਇਲਾਕੇ ਅਤੇ ਚੰਡੀਗੜ੍ਹ ਪੰਜਾਬ ਨੂੰ ਦਿਵਾਉਣਾ ਤਾਂ ਦੂਰ ਦੀ ਗੱਲ, ਸਗੋਂ ਅਨਾਜ ਸਟਾਕ ਦਾ 31,000 ਕਰੋੜ ਰੁਪਏ ਦਾ ਕਰਜ਼ਾ ਪੰਜਾਬ ਸਿਰ ਮੜ੍ਹਨ ਸਮੇਂ ਕੇਂਦਰ ਦੀ ਭਾਜਪਾ ਸਰਕਾਰ ਨੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਦਲੀਲ ਨਹੀਂ ਸੁਣੀ। 1999 ਵਿੱਚ ਅਕਾਲੀ ਦਲ ਵੱਲੋਂ ਸਿੱਖ ਆਬਾਦੀ ਵਾਲੇ ਊਧਮ ਸਿੰਘ ਨਗਰ ਜ਼ਿਲ੍ਹੇ ਨੂੰ ਉਤਰਾਂਚਲ ਰਾਜ ਵਿੱਚ ਸ਼ਾਮਲ ਕਰਾਉਣ ਤੋਂ ਰੋਕਣ ਵਿੱਚ ਅਸਫਲ ਰਹਿਣਾ ਕਿੱਧਰਲਾ ਗੱਠਜੋੜ ਧਰਮ ਹੈ? ਅਕਾਲੀ ਦਲ ਦੇ ਪਾਰਲੀਮੈਂਟ ਮੈਂਬਰਾਂ ਵੱਲੋਂ ਜੰਮੂ ਕਸ਼ਮੀਰ ਦੇ ਵਿਸ਼ੇਸ਼ ਅਧਿਕਾਰ ਖ਼ਤਮ ਕਰਨ ਵਾਲੀ ਧਾਰਾ 370 ਰੱਦ ਕਰਨ ਦੇ ਹੱਕ ਵਿੱਚ ਕੀਤੀ ਵੋਟਿੰਗ ਅਕਾਲੀ ਦਲ ਦੀ ਸਭ ਤੋਂ ਉਚੀ ਸੁਰ ਵਾਲੀ ਮੰਗ ਕੀ ਆਨੰਦਪੁਰ ਦੇ ਮਤੇ ਨੂੰ ਤਿਲਾਂਜਲੀ ਦੇਣਾ ਨਹੀਂ ਹੈ? ਕੇਂਦਰ ਸਰਕਾਰ ਵਿੱਚ ਭਾਈਵਾਲ ਹੁੰਦਿਆਂ ਪੰਜਾਬੀਆਂ ਵੱਲੋਂ ਰਾਜਸਥਾਨ ਵਿੱਚ ਜ਼ਮੀਨ ਖ਼ਰੀਦਣ ਦੀ ਪਾਬੰਦੀ ਹੋਣਾ ਅਕਾਲੀ ਦਲ ਦੀ ਬੇਪਹੁੰਚੀ ਦਾ ਨਤੀਜਾ ਹੀ ਕਿਹਾ ਜਾ ਸਕਦਾ ਹੈ।

ਇਸ ਸਥਿਤੀ ਲਈ ਸਿਰਫ਼ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾ ਕੇ ਸੁਰਖਰੂ ਨਹੀਂ ਹੋਇਆ ਜਾ ਸਕਦਾ। ਬਾਦਲ ਉਹੀ ਆਗੂ ਹਨ ਜਿਨ੍ਹਾਂ ਅਕਾਲੀ ਮੋਰਚਿਆਂ ਵਿੱਚ ਭਾਗ ਲੈ ਕੇ ਜ਼ਿੰਦਗੀ ਦਾ ਲੰਬਾ ਅਰਸਾ ਜੇਲ੍ਹਾਂ ਵਿੱਚ ਗੁਜ਼ਾਰਿਆ। 1970 ਵਿੱਚ ਮੁੱਖ ਮੰਤਰੀ ਹੁੰਦਿਆਂ ਪੰਜਾਬ ਦੇ 46 ਕਾਲਜਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਜੋੜਨ ਦੀ ਬਜਾਏ ਪ੍ਰਸਤਾਵਿਤ ਦਯਾਨੰਦ ਹਿੰਦੀ ਯੂਨੀਵਰਸਿਟੀ ਨਾਲ ਜੋੜਨ ਵਾਲੀ ਜਨਸੰਘ ਦੀ ਮੰਗ ਨੂੰ ਠੁਕਰਾ ਕੇ ਆਪਣੀ ਸਰਕਾਰ ਲਈ ਖ਼ਤਰਾ ਸਹੇੜਿਆ ਸੀ। ਬਾਦਲ ਨੇ 1979 ਵਿੱਚ ਅਕਾਲੀ ਸਰਕਾਰ ਵੱਲੋਂ ਪੰਜਾਬ ਦੇ ਦਰਿਆਈ ਹੱਕ ਲੈਣ ਲਈ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕੀਤਾ ਸੀ, ਜੋ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲੀ ਸਰਕਾਰ ਦੀ ਬਰਖਾਸਤਗੀ ਬਾਅਦ ਆਪਣੀ ਪਾਰਟੀ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਤੋਂ ਵਾਪਸ ਕਰਾਇਆ ਸੀ। ਇਸ ਤੋਂ ਇਲਾਵਾ ਬਾਦਲ ਨੇ ਸਿੱਖਾਂ ਨੂੰ ਹਿੰਦੂਆਂ ਦਾ ਅੰਗ ਮੰਨਣ ਵਾਲੀ ਸਰਕਾਰੀ ਮੱਦ ਵਿਰੁੱਧ ਦਿੱਲੀ ਵਿੱਚ ਰੋਸ ਪ੍ਰਦਰਸ਼ਨ ਕੀਤਾ ਸੀ। ਓਦੋਂ ਪੰਜਾਬ ਦੇ ਹਿੱਤਾਂ ਲਈ ਤਤਪਰ ਪਾਰਟੀ ਪਲੈਟਫਾਰਮ ਤੋਂ ਆਗੂਆਂ ਦੀਆਂ ਅਜਿਹੀਆਂ ਡਿਊਟੀਆਂ ਲੱਗਦੀਆਂ ਸਨ, ਅੱਜ ਕੱਲ੍ਹ ਪਿਛਲੇ ਦੋ ਦਹਾਕਿਆਂ ਤੋਂ ਪਾਰਟੀ ਪਲੈਟਫਾਰਮ 'ਤੇ ਕਾਬਜ਼ ਤਕਰਬੀਨ ਸਾਰੇ ਲੀਡਰਾਂ ਲਈ ਹੀ ਪੰਥ ਅਤੇ ਪੰਜਾਬ ਬਾਅਦ ਵਿੱਚ ਅਤੇ ਲੋਕਾਂ ਦੇ ਜਜ਼ਬਾਤਾਂ ਜ਼ਰੀਏ ਆਪੋ-ਆਪਣੇ ਪੁੱਤਰਾਂ ਦਾ 'ਕਰੀਅਰ' ਪਹਿਲਾਂ ਹੈ। ਮੌਜੂਦਾ ਦੌਰ ਵਿੱਚ ਅਕਾਲੀ ਰਾਜਨੀਤੀ ਦੀ ਸਮੁੱਚੀ ਸਥਿਤੀ ਲਈ ਪਰਵਾਰਵਾਦ ਨੂੰ ਉਤਸ਼ਾਹਿਤ ਕਰਨ ਵਾਲੇ ਉਕਤ ਸਾਰੇ ਆਗੂ ਜ਼ਿੰਮੇਵਾਰ ਹਨ, ਭਾਵੇਂ ਉਹ ਆਪਣੇ ਆਪ ਨੂੰ ਟਕਸਾਲੀ ਅਖਵਾਉਣ ਜਾਂ ਗ਼ੈਰ ਟਕਸਾਲੀ।

# ਬਿਜਲੀ ਖ਼ਰੀਦ ਸੌਦੇ ਵਿਰੁੱਧ ਵਿਧਾਨ ਸਭਾ ਵਿੱਚ ਬਿੱਲ ਪੇਸ਼ ਕਰਨ ਦਾ ਸੁਝਾਅ

## * ਸੀਨੀਅਰ ਅਫਸਰ ਨੇ ਤਿੰਨ ਪ੍ਰਾਈਵੇਟ ਥਰਮਲ ਘਾਟੇ ਵਾਲੇ ਦੱਸੇ

ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਕਰਨਬੀਰ ਸਿੰਘ ਸਿੱਧੂ ਨੇ ਬਿਜਲੀ ਖੇਤਰ ਵਿੱਚ ਨਿੱਜੀ ਕੰਪਨੀਆਂ ਨਾਲ ਬਿਜਲੀ ਦੀ ਖ਼ਰੀਦ ਦੇ ਸਮਝੌਤਿਆਂ ਦੀ ਕਾਟ ਕਰਨ ਦੇ ਲਈ ਵਿਧਾਨ ਸਭਾ ਵਿੱਚ ਨਵਾਂ ਬਿੱਲ ਲਿਆਉਣ ਦਾ ਸੁਝਾਅ ਦੇ ਕੇ ਸਰਕਾਰ ਲਈ ਉਲਝਣ ਪੈਦਾ ਕਰ ਦਿੱਤੀ ਹੈ।



ਪੰਜਾਬ ਸਰਕਾਰ ਦੇ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਕਰਨਬੀਰ ਸਿੰਘ ਸਿੱਧੂ

ਇਸ ਸੰਬੰਧ ਵਿੱਚ ਪੰਜਾਬ ਦੇ ਇਸ ਸਭ ਤੋਂ ਸੀਨੀਅਰ ਇਸ ਆਈ ਏ ਐਸ ਅਧਿਕਾਰੀ ਨੇ ਰਾਜ ਸਰਕਾਰ ਨੂੰ ਦੋ ਸਫ਼ਿਆਂ ਦਾ ਵਿਸ਼ੇਸ਼ ਨੋਟ ਲਿਖ ਕੇ ਵੱਡਾ ਤਰਕ ਇਹੀ ਦਿੱਤਾ ਹੈ ਕਿ ਜੇ ਰਾਜ ਸਰਕਾਰ ਪਾਣੀਆਂ ਦੇ ਮੁੱਦੇ 'ਤੇ ਅੰਤਰਰਾਜੀ ਸਮਝੌਤੇ ਰੱਦ ਕਰਨ ਲਈ ਵਿਧਾਨ ਸਭਾ 'ਚ ਬਿੱਲ ਲਿਆ ਕੇ ਕਾਨੂੰਨ ਬਣਾ ਸਕਦੀ ਹੈ ਤਾਂ ਬਿਜਲੀ ਖੇਤਰ ਦੇ ਮਾਮਲੇ ਵਿੱਚ ਨਿੱਜੀ ਕੰਪਨੀਆਂ ਨਾਲ ਹੋਏ ਖ਼ਰੀਦ ਸਮਝੌਤਿਆਂ ਵਿਰੁੱਧ ਵੀ ਕਾਨੂੰਨ ਬਣਾ ਸਕਦੀ ਹੈ। ਉਨ੍ਹਾਂ ਕਿਹਾ ਹੈ ਕਿ ਇਸ ਕਾਨੂੰਨ ਦੇ ਨਾਲ ਅਦਾਲਤਾਂ ਤੋਂ ਬਿਜਲੀ ਕੰਪਨੀਆਂ ਨੂੰ ਅਦਾਇਗੀ ਦੇ ਹੁਕਮਾਂ ਦਾ ਹੱਲ ਵੀ ਨਿਕਲ ਸਕਦਾ ਹੈ। ਕਰਨਬੀਰ ਸਿੰਘ ਸਿੱਧੂ ਦੀ ਦਲੀਲ ਹੈ ਕਿ ਬਿਜਲੀ ਖੇਤਰ ਸੰਵਿਧਾਨ ਵਿੱਚ ਰਾਜਾਂ ਦੀ ਸੂਚੀ ਵਿੱਚ ਸ਼ਾਮਲ ਹੈ ਤੇ ਰਾਜ ਸਰਕਾਰ ਇਸ ਬਾਰੇ ਫ਼ੈਸਲੇ ਲੈ ਸਕਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਬਿਜਲੀ ਖ਼ਰੀਦ ਲਈ ਹੋਏ ਸਮਝੌਤੇ ਜਨਤਕ ਹਿੱਤਾਂ ਦੇ ਉਲਟ ਹਨ ਅਤੇ ਜਦੋਂ ਕੌਮੀ ਗਰਿੱਡ ਤੋਂ ਜਦੋਂ ਸਸਤੀ ਬਿਜਲੀ ਮਿਲ ਸਕਦੀ ਹੈ ਤਾਂ ਮਹਿੰਗੀ ਬਿਜਲੀ ਖ਼ਰੀਦਣ ਦੀ ਕੋਈ ਤੁਕ ਨਹੀਂ ਅਤੇ ਨਵੀਂ ਬਿਜਲੀ ਨੀਤੀ ਮੁਤਾਬਕ ਇਹ ਖ਼ਰੀਦਣਾ ਜ਼ਰੂਰੀ ਵੀ ਨਹੀਂ ਹੈ।


ਕਰਨਬੀਰ ਸਿੰਘ ਸਿੱਧੂ ਦੇ ਇਸ ਪੱਤਰ ਨਾਲ ਪ੍ਰਸ਼ਾਸਕੀ ਤੇ ਰਾਜਸੀ ਹਲਕਿਆਂ ਵਿੱਚ ਨਵੀਂ ਚਰਚਾ ਛਿੜ ਗਈ ਹੈ। ਵਰਨਣ ਯੋਗ ਹੈ ਕਿ ਇਹ ਅਧਿਕਾਰੀ ਮੁੱਖ ਸਕੱਤਰ ਦੇ ਅਹੁਦੇ ਦੇ ਮਜ਼ਬੂਤ ਦਾਅਵੇਦਾਰ ਹਨ ਅਤੇ ਮੌਜੂਦਾ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਇਸੇ ਸਾਲ ਅਗਸਤ ਵਿੱਚ ਸੇਵਾਮੁਕਤ ਹੋਣਾ ਹੈ। ਪੰਜਾਬ ਵਿੱਚ ਨਿੱਜੀ ਖੇਤਰ ਦੇ ਤਿੰਨ ਥਰਮਲ ਪਲਾਂਟ ਤਲਵੰਡੀ ਸਾਬੋ, ਰਾਜਪੁਰਾ ਤੇ ਗੋਇੰਦਵਾਲ ਸਾਹਿਬ ਵਿੱਚ ਹਨ। ਅਕਾਲੀ-ਭਾਜਪਾ ਸਰਕਾਰ ਵੇਲੇ ਇਨ੍ਹਾਂ ਥਰਮਲ ਪਲਾਂਟਾਂ ਤੋਂ ਬਿਜਲੀ ਦੀ ਖ਼ਰੀਦ ਵਾਸਤੇ ਹੋਏ ਸੌਦਿਆਂ ਮੁਤਾਬਕ ਪੰਜਾਬ ਵਿੱਚ ਖ਼ਪਤ ਹੋਵੇ ਜਾਂ ਨਾ, ਬਿਜਲੀ ਹਰ ਹਾਲਤ ਵਿੱਚ ਖਰੀਦਣੀ ਪੈਣੀ ਹੈ। ਇਸ ਲਈ ਬਿਨਾਂ ਬਿਜਲੀ ਖਰੀਦਿਆਂ ਵੀ ਸਲਾਨਾ ਅਦਾਇਗੀ ਕਾਰਨ ਮਹਿੰਗੀ ਬਿਜਲੀ ਕਾਰਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਸੂਤੀ ਫਸੀ ਹੋਈ ਹੈ। ਨਿੱਜੀ ਖੇਤਰ ਦੇ ਇਨ੍ਹਾਂ ਤਿੰਨਾਂ ਪਲਾਂਟਾਂ ਨੂੰ 3550 ਕਰੋੜ ਰੁਪਏ ਹਰ ਸਾਲ ਅਦਾ ਕਰਨੇ ਪੈਣਗੇ, ਭਾਵੇਂ ਬਿਜਲੀ ਨਾ ਵੀ ਲਈ ਜਾਵੇ। ਚਲੰਤ ਸਾਲ ਤੋਂ ਗੋਇੰਦਵਾਲ ਸਾਹਿਬ ਵਿੱਚ ਸਥਿਤ ਜੀ ਵੀ ਕੇ ਗਰੁੱਪ ਦੇ ਥਰਮਲ ਪਲਾਂਟ ਨੂੰ ਰਾਜ ਸਰਕਾਰ ਸਾਲਾਨਾ 800 ਕਰੋੜ ਰੁਪਏ ਅਦਾ ਕਰ ਰਹੀ ਹੈ। ਸੂਬੇ ਨੂੰ ਕੇਂਦਰ ਸਰਕਾਰ ਦੇ ਪੂਲ ਵਿੱਚੋਂ ਵੀ 300 ਕਰੋੜ ਰੁਪਏ ਦੀ ਬਿਜਲੀ ਖ਼ਰੀਦਣੀ ਪੈਣੀ ਹੈ। ਇਸ ਤਰ੍ਹਾਂ ਪੰਜਾਬ ਦੇ ਸਰਕਾਰੀ ਖੇਤਰ ਦੇ ਥਰਮਲ ਪਲਾਂਟਾਂ ਦਾ ਵੀ ਸਾਲਾਨਾ 800 ਕਰੋੜ ਰੁਪਏ ਦਾ ਭਾਰ ਖ਼ਪਤਕਾਰਾਂ 'ਤੇ ਲੱਦਿਆ ਜਾਣਾ ਹੈ।

ਵਰਨਣ ਯੋਗ ਹੈ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪਿੱਛੇ ਜਿਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਿਜਲੀ ਦਰਾਂ ਦੇ ਮੁੱਦੇ ਉਤੇ ਲੋਕਾਂ ਨੂੰ ਰਾਹਤ ਦੇਣ ਨੂੰ ਕਿਹਾ ਸੀ। ਮੰਨਿਆ ਜਾ ਰਿਹਾ ਹੈ ਕਿ ਪੰਜਾਬ ਵਿੱਚ ਘਰੇਲੂ ਬਿਜਲੀ ਦਰਾਂ ਦਾ ਰੇਟ ਦੇਸ਼ 'ਚ ਸਭ ਤੋਂ ਵੱਧ ਹੈ। ਪੰਜਾਬ ਸਰਕਾਰ ਵੱਲੋਂ ਬਿਜਲੀ 'ਤੇ ਲਾਏ 'ਟੈਕਸ' (ਇਲੈਕਟ੍ਰੀਸਿਟੀ ਡਿਊਟੀ) ਨੂੰ ਜੋੜ ਕੇ ਬਿਜਲੀ ਦਾ ਪ੍ਰਤੀ ਯੂਨਿਟ ਰੇਟ ਅੱਠ ਰੁਪਏ ਤੋਂ ਵੱਧ ਅਦਾ ਭਰਨਾ ਪੈਂਦਾ ਹੈ। ਨਿੱਜੀ ਖੇਤਰ ਦੇ ਪਲਾਂਟਾਂ ਤੋਂ ਬਿਜਲੀ ਪੰਜ ਰੁਪਏ ਯੂਨਿਟ ਤੋਂ ਵੱਧ ਖ਼ਰੀਦੀ ਜਾਂਦੀ ਹੈ।

# ਕਾਰਵਾਈ ਹੋ ਰਹੀ ਹੈ ਤਾਂ ਨਾਜਾਇਜ਼ ਮਾਈਨਿੰਗ ਰੁਕੀ ਕਿਉਂ ਨਹੀਂ: ਹਾਈ ਕੋਰਟ

ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਪੰਜਾਬ 'ਚ ਹੋ ਰਹੀ ਗੈਰ ਕਾਨੂੰਨੀ ਮਾਈਨਿੰਗ ਬਾਰੇ ਚੱਲਦੇ ਇੱਕ ਮਾਮਲੇ ਵਿੱਚ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਜਵਾਬ ਦਾਖਲ ਕਰ ਕੇ ਹਾਈ ਕੋਰਟ ਨੂੰ ਦੱਸਿਆ ਕਿ ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਸਰਕਾਰ ਵੱਲੋਂ ਐੱਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਬਣਾਈ ਹੈ ਅਤੇ ਲਗਾਤਾਰ ਮਾਨੀਟ੍ਰਿੰਗ ਕਰ ਕੇ ਕੇਸ ਦਰਜ ਕੀਤੇ ਜਾ ਰਹੇ ਹਨ ਅਤੇ ਕਈ ਟਿੱਪਰ ਜ਼ਬਤ ਕਰ ਕੇ ਗ੍ਰਿਫਤਾਰੀਆਂ ਵੀ ਕੀਤੀਆਂ ਹਨ।

ਹਾਈ ਕੋਰਟ ਨੇ ਪੰਜਾਬ ਸਰਕਾਰ ਦੇ ਇਸ ਜਵਾਬ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਤਾਂ ਨਸ਼ਾ ਸਮੱਗਲਿੰਗ ਦੇ ਐੱਨ ਡੀ ਪੀ ਐੱਸ ਵਾਲੇ ਕੇਸਾਂ ਵਾਂਗ ਹੋ ਗਿਆ ਹੈ ਕਿ ਕੇਸ ਦਰਜ ਹੋ ਰਹੇ ਹਨ, ਗ੍ਰਿਫਤਾਰੀਆਂ ਹੋ ਰਹੀਆਂ ਹਨ, ਡਰੱਗਸ ਵੀ ਜ਼ਬਤ ਕੀਤੀ ਜਾ ਰਹੀ ਹੈ, ਪਰ ਸਮੱਗਲਿੰਗ ਜਾਰੀ ਹੈ। ਕੋਰਟ ਨੇ ਕਿਹਾ ਕਿ ਸਿਰਫ ਕੇਸ ਦਰਜ ਕਰ ਕੇ ਖਾਨਾਪੂਰਤੀ ਨਾ ਕੀਤੀ ਜਾਵੇ, ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਿਆ ਜਾਵੇ। ਇਸ ਤੋਂ ਪਹਿਲਾਂ ਕੋਰਟ ਇਹ ਕਹਿ ਚੁੱਕੀ ਹੈ ਕਿ ਛੋਟੀਆਂ ਮੱਛੀਆਂ 'ਤੇ ਕਾਰਵਾਈ ਕਰਨ ਦੀ ਬਜਾਏ ਮਾਫੀਆ ਦੇ ਮੁਖੀਆਂ 'ਤੇ ਨਕੇਲ ਕੱਸੀ ਜਾਵੇ। ਪਟੀਸ਼ਨਰ ਦੇ ਵਕੀਲ ਐੱਸ ਪੀ ਐਸ ਸ਼ੇਰਗਿੱਲ ਨੇ ਕੋਰਟ ਨੂੰ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਵਰਗੇ ਕਿਸੇ ਅਫਸਰ ਨੂੰ ਗੈਰ ਕਾਨੂੰਨੀ ਮਾਈਨਿੰਗ ਕਰਨ ਵਾਲੇ ਮਾਫੀਆ 'ਤੇ ਨਕੇਲ ਕੱਸਣ ਦੀ ਜ਼ਿੰਮੇਵਾਰੀ ਦੇਣ ਦੀ ਗੱਲ ਕਹੀ, ਜਿਸ ਨੂੰ ਕੋਰਟ ਨੇ ਰੱਦ ਕਰ ਦਿੱਤਾ।





ਇਸ ਦੌਰਾਨ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਸੂਬੇ 'ਚ ਅੱਜ ਤੱਕ ਨਿਸ਼ਾਨਦੇਹੀ ਕੀਤੀਆਂ ਵੈਟਲੈਂਡਸ ਦੀ ਜਾਣਕਾਰੀ ਮੰਗੀ ਹੈ। ਵੈਟਲੈਂਡਸ ਦੀ ਸੰਭਾਲ ਦੇ ਵਿਸ਼ੇ ਵਿੱਚ ਖੁਦ ਨੋਟਿਸ ਲੈਂਦਿਆਂ ਹਾਈ ਕੋਰਟ ਨੇ ਪੰਜਾਬ ਅਤੇ ਕੇਂਦਰ ਸਰਕਾਰ ਦੇ ਵਕੀਲ ਤੋਂ ਵੈਟਲੈਂਡਸ ਦੀ ਸੰਭਾਲ ਲਈ ਝੀਲਾਂ ਦੀ ਨਿਸ਼ਾਨਦੇਹੀ ਕਰਨ ਲਈ ਚੁੱਕੇ ਕਦਮਾਂ 'ਤੇ ਜਵਾਬ ਮੰਗਿਆ ਹੈ। ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਕਰੀਬ ਇੱਕ ਸਾਲ ਪਹਿਲਾਂ ਹਾਈ ਕੋਰਟ ਨੂੰ ਦੱਸਿਆ ਸੀ ਕਿ ਰਾਜ ਵਿੱਚ ਵੈਟਲੈਂਡਸ ਦੀ ਸੰਭਾਲ ਲਈ ਰੂਪ ਰੇਖਾ ਬਣਾ ਲਈ ਹੈ ਅਤੇ ਲਾਗੂ ਕੀਤੀ ਜਾ ਰਹੀ ਹੈ।

ਦੂਸਰੇ ਪਾਸੇ ਵਕੀਲ ਐਚ ਸੀ ਅਰੋੜਾ ਨੇ ਪੰਜਾਬੀ ਗਾਇਕ ਅੰਮ੍ਰਿਤ ਮਾਨ ਦੇ ਗੀਤ ਦੀ ਐਲਬਮ ਯੂ-ਟਿਊਬ ਤੋਂ ਹਟਾਉਣ ਅਤੇ ਸੀ ਡੀ ਦੀ ਵਿਕਰੀ ਬੰਦ ਨਾ ਕਰਾਉਣ ਬਾਰੇ ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ, ਪੁਲਸ ਮੁਖੀ ਤੇ ਬਠਿੰਡਾ ਦੇ ਐੱਸ ਐੱਸ ਪੀ ਨੂੰ ਲੀਗਲ ਨੋਟਿਸ ਭੇਜਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਇੱਕ ਮਹੀਨੇ ਦੇ ਅੰਦਰ ਕਾਰਵਾਈ ਨਾ ਹੋਈ ਤਾਂ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਉਲੰਘਣਾ ਪਟੀਸ਼ਨ ਦਾਖਲ ਕਰ ਦਿੱਤੀ ਜਾਵੇਗੀ।

ਹਾਈ ਕੋਰਟ ਨੇ ਜੁਲਾਈ 2019 ਵਿੱਚ ਇੱਕ ਪਟੀਸ਼ਨ 'ਤੇ ਪੰਜਾਬ ਦੇ ਡੀ ਜੀ ਪੀ ਅਤੇ ਸਰਕਾਰ ਨੂੰ ਯਕੀਨੀ ਕਰਨ ਨੂੰ ਕਿਹਾ ਸੀ ਕਿ ਹਥਿਆਰਾਂ, ਡਰੱਗਸ, ਸ਼ਰਾਬ ਅਤੇ ਅਸ਼ਲੀਲ ਸ਼ਬਦਾਂ ਵਾਲੇ ਗੀਤ ਨਾ ਵੱਜਣ ਅਤੇ ਸੋਸ਼ਲ ਮੀਡੀਆ 'ਚ ਨਾ ਦਿਸਣ। ਇਸ ਲਈ ਜ਼ਿਲਿਆਂ ਦੇ ਡੀ ਸੀ ਅਤੇ ਐੱਸ ਐੱਸ ਪੀ ਨੂੰ ਦਿਸ਼ਾ-ਨਿਰੇਦਸ਼ ਜਾਰੀ ਕਰਨ ਨੂੰ ਕਿਹਾ ਸੀ। ਡੀ ਜੀ ਪੀ ਦੀ ਜ਼ਿੰਮੇਵਾਰੀ ਵੀ ਤੈਅ ਕੀਤੀ ਸੀ। ਨੋਟਿਸ ਵਿੱਚ ਦੱਸਿਆ ਗਿਆ ਕਿ ਹਾਲੇ ਤੱਕ ਪ੍ਰੋਗਰਾਮਾਂ, ਯੂ-ਟਿਊਬ ਅਤੇ ਸੀ ਡੀ ਆਦਿ ਦੇ ਜ਼ਰੀਏ ਅਜਿਹੇ ਗੀਤ ਵੱਜ ਰਹੇ ਹਨ, ਜਿਨ੍ਹਾਂ ਨੂੰ ਤੁਰੰਤ ਰੋਕਿਆ ਜਾਵੇ।

## 20 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਥਾਣੇਦਾਰ ਕਾਬੂ, ਦੋ ਨਾਮਜ਼ਦ



ਜਲੰਧਰ, 5 ਫਰਵਰੀ (ਪੋਸਟ ਬਿਊਰੋ)- ਵਿਜੀਲੈਂਸ ਨੇ ਏ ਐਸ ਆਈ ਸਤਪਾਲ ਨੂੰ 20 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਪ੍ਰਾਪਰਟੀ ਦਾ ਵਿਵਾਦ ਸੁਲਝਾਉਣ ਬਦਲੇ ਰਿਸ਼ਵਤ ਲੈਣ ਦੇ ਦੋਸ਼ ਵਿੱਚ ਵਿਜੀਲੈਂਸ ਨੇ ਪੁਲਸ ਕੰਟਰੋਲ ਰੂਮ ਵਿੱਚ ਤੈਨਾਤ ਏ ਐੱਸ ਆਈ ਸੁਰਿੰਦਰ ਅਤੇ ਗੋਤਰਾ ਪ੍ਰਾਪਰਟੀ ਡੀਲਰ ਦੇ ਮਾਲਕ ਲਖਵਿੰਦਰ ਸਿੰਘ ਨੂੰ ਵੀ ਨਾਮਜ਼ਦ ਕੀਤਾ ਹੈ। ਇਸ ਸਾਲ ਵਿਜੀਲੈਂਸ ਨੇ ਪੰਜਾਬ ਪੁਲਸ ਦੇ ਦੂਸਰੇ ਅਫਸਰ ਨੂੰ ਰਿਸ਼ਵਤਖੋਰੀ ਵਿੱਚ ਫੜਿਆ ਹੈ। ਐੱਸ ਐੱਸ ਪੀ ਦਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਨੂੰ ਕੱਲ੍ਹ ਸੁਦਰਸ਼ਨ ਪਾਰਕ ਦੇ ਰਹਿਣ ਵਾਲੇ ਸੁਮਿਤ ਵਧਵਾ ਨੇ ਸ਼ਿਕਾਇਤ ਦਿੱਤੀ ਸੀ ਕਿ ਏ ਐੱਸ ਆਈ ਸਤਪਾਲ ਨਵੇਂ ਖਰੀਦੇ ਘਰ ਦਾ ਝਗੜਾ ਖਤਮ ਕਰਵਾਉਣ ਦੇ ਲਈ 20 ਹਜ਼ਾਰ ਮੰਗ ਰਿਹਾ ਹੈ। ਵਿਜੀਲੈਂਸ ਨੇ ਟ੍ਰੈਪ ਲਗਾ ਕੇ ਸਤਪਾਲ ਨੂੰ ਕਾਬੂ ਕੀਤਾ। ਟੀਮ ਵਿੱਚ ਡੀ ਐੱਸ ਪੀ ਨਿਰੰਜਨ ਸਿੰਘ, ਇੰਸਪੈਕਟਰ ਮਨਦੀਪ ਸਿੰਘ, ਏ ਐੱਸ ਆਈ ਗੁਰਜੀਤ ਸਿੰਘ ਸ਼ਾਮਲ ਰਹੇ।

## ਪਤਨੀ ਉੱਤੇ ਗੋਲੀ ਚਲਾਉਣ ਦਾ ਦੋਸ਼ੀ ਡੀ ਐਸ ਪੀ ਅਤੁਲ ਸੋਨੀ ਸਸਪੈਂਡ

ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਬਹੁ-ਚਰਚਿਤ ਡੀ ਐਸ ਪੀ ਅਤੁਲ ਸੋਨੀ ਨੂੰ ਪੰਜਾਬ ਸਰਕਾਰ ਨੇ ਸਸਪੈਂਡ ਕਰ ਦਿੱਤਾ ਹੈ। ਪੰਜਾਬ ਦੇ ਐਡੀਸ਼ਨਲ ਚੀਫ ਸੈਕਟਰੀ (ਹੋਮ) ਨੇ ਇਸ ਬਾਰੇ ਹੁਕਮ ਜਾਰੀ ਕੀਤਾ ਹੈ, ਜਿਸ ਮੁਤਾਬਕ ਸਸਪੈਂਡ ਹੋਣ ਦੌਰਾਨ ਅਤੁਲ ਸੋਨੀ ਪੰਜਾਬ ਪੁਲਸ ਹੈਡਕੁਆਰਟਰ ਨੂੰ ਰਿਪੋਰਟ ਕਰੇਗਾ।

ਇਸ ਤੋਂ ਪਹਿਲਾਂ ਪੰਜਾਬ ਪੁਲਸ ਨੇ ਸਰਕਾਰ ਨੂੰ ਦੱਸਿਆ ਸੀ ਕਿ ਡੀ ਐਸ ਪੀ ਅਤੁਲ ਸੋਨੀ ਦੇ ਮਾੜੇ ਵਤੀਰੇ ਅਤੇ ਵਿਹਾਰ ਦੇ ਕਾਰਨ ਉਸ ਨੂੰ ਪੰਜਾਬ ਪੁਲਸ ਵੱਲੋਂ ਉਸ ਨੂੰ ਸਸਪੈਂਡ ਕਰਨ ਦੀ ਰਾਜ ਸਰਕਾਰ ਨੂੰ ਸਿਫ਼ਾਰਸ਼ ਕੀਤੀ ਜਾਂਦੀ ਹੈ। ਪੁਲਸ ਨੇ ਉਸ ਦੇ ਖ਼ਿਲਾਫ਼ ਵਿਭਾਗ ਕਾਰਵਾਈ ਦੀ ਸਿਫ਼ਰਿਸ਼ ਵੀ ਕੀਤੀ ਸੀ। ਇਸ ਬਾਰੇ ਪੰਜਾਬ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਪੁਲਸ ਵਿਭਾਗ ਵਿੱਚ ਸੁਧਾਰ ਦੀ ਵਿਵਸਥਾ ਕੀਤੀ ਜਾ ਰਹੀ ਹੈ ਤਾਂ ਜੋ ਅਜਿਹੇ ਵਿਹਾਰ ਵਾਲੇ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਪੁਲਸ 'ਚੋਂ ਕੱਢਿਆ ਜਾ ਸਕੇ। ਮਿਲੀ ਜਾਣਕਾਰੀ ਅਨੁਸਾਰ ਅਤੁਲ ਸੋਨੀ 82ਵੀਂ ਬਟਾਲੀਅਨ (ਪੀ ਏ ਪੀ) ਚੰਡੀਗੜ੍ਹ ਵਿੱਚ ਤਾਇਨਾਤ ਸੀ ਅਤੇ ਉਸ ਉੱਤੇ ਉਸ ਦੀ ਪਤਨੀ ਨੇ ਗੋਲੀ ਚਲਾਉਣ ਦਾ ਦੋਸ਼ ਲਾਇਆ ਸੀ ਜਿਸ ਮਗਰੋਂ ਉਕਤ ਡੀ ਐਸ ਪੀ ਉਤੇ ਮਾਮਲਾ ਵੀ ਦਰਜ ਕੀਤਾ ਗਿਆ ਸੀ। ਉਸਦੀ ਪਤਨੀ ਵੱਲੋਂ ਬਾਅਦ ਵਿੱਚ ਯੂ-ਟਰਨ ਮਾਰਦੇ ਹੋਏ ਗੋਲੀ ਚਲਾਉਣ ਦੀ ਸ਼ਿਕਾਇਤ ਤੋਂ ਪਾਸਾ ਵੱਟ ਲਿਆ ਸੀ, ਪਰ ਉਸ ਦੌਰਾਨ ਪੁਲਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ।

## ਸ਼ਿਕਾਇਤ ਉੱਤੇ ਪੰਜਾਬ ਦੇ ਵਿਧਾਇਕ ਦਾ ਸਟੋਨ ਕਰੱਸ਼ਰ ਸੀਜ਼

ਕਠੂਆ, 5 ਫਰਵਰੀ (ਪੋਸਟ ਬਿਊਰੋ)- ਪਠਾਨਕੋਟ ਜ਼ਿਲ੍ਹੇ ਦੇ ਸੁਜਾਨਪੁਰ ਹਲਕੇ ਦੇ ਵਿਧਾਇਕ ਜੋਗਿੰਦਰ ਪਾਲ ਨੂੰ 28 ਜਨਵਰੀ ਨੂੰ ਰਾਵੀ ਦਰਿਆ 'ਚ ਨਾਜ਼ਾਇਜ਼ ਮਾਈਨਿੰਗ ਦਾ ਅਚਾਨਕ ਨਿਰੀਖਣ ਲਈ ਪੁੱਜੇ ਮਾਈਨਿੰਗ ਵਿਭਾਗ ਦੇ ਜਾਇੰਟ ਡਾਇਰੈਕਟਰ ਅਸ਼ਵਨੀ ਕੁਮਾਰ ਖਜੂਰੀਆ ਨਾਲ ਬਹਿਸ ਕਰਨਾ ਮਹਿੰਗਾ ਪਿਆ ਹੈ। ਜੰਮੂ-ਕਸ਼ਮੀਰ ਦੇ ਮਾਈਨਿੰਗ ਵਿਭਾਗ ਨੇ ਕਰੀਬ ਇੱਕ ਹਫ਼ਤੇ ਬਾਅਦ ਕਾਰਵਾਈ ਕਰ ਕੇ ਪੰਜਾਬ ਦੇ ਵਿਧਾਇਕ ਦੇ ਕਰੱਸ਼ਰ ਸਮੇਤ ਤਿੰਨ ਸਟੋਨ ਕਰੱਸ਼ਰਾਂ ਨੂੰ ਸੀਜ਼ ਕਰ ਦਿੱਤਾ ਹੈ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਜਿਹੜੇ ਸਟੋਨ ਕਰੱਸ਼ਰਾਂ ਨੂੰ ਸੀਜ਼ ਕੀਤਾ ਗਿਆ ਹੈ, ਉਨ੍ਹਾਂ ਵਿੱਚ ਰਾਵੀ ਸਟੋਨ ਕਰੱਸ਼ਰ, ਕ੍ਰਿਸ਼ਨਾ ਸਟੋਨ ਕਰੱਸ਼ਰ ਤੇ ਮੈਸਰਜ਼ ਸਟੋਨ ਕਰੱਸ਼ਰ ਸ਼ਾਮਲ ਹਨ। ਇਨ੍ਹਾਂ ਵਿਚੋਂ ਰਾਵੀ ਸਟੋਨ ਕਰੱਸ਼ਰ ਜੋਗਿੰਦਰ ਪਾਲ ਦਾ ਦੱਸਿਆ ਜਾਂਦਾ ਹੈ। ਜ਼ਿਲ੍ਹੇ ਦੇ ਦਰਿਆਵਾਂ ਵਿੱਚੋਂ ਮਾਈਨਿੰਗ 'ਤੇ ਪਾਬੰਦੀ ਨੂੰ ਲਾਗੂ ਕਰਨ ਲਈ ਮਾਈਨਿੰਗ ਵਿਭਾਗ ਦੇ ਅਧਿਕਾਰੀ ਅਸ਼ਵਨੀ ਖਜੂਰੀਆ ਦੀ ਅਗਵਾਈ ਹੇਠ ਕੱਲ੍ਹ ਵੀ ਜ਼ਿਲ੍ਹਾ ਅਧਿਕਾਰੀਆਂ ਦੀ ਟੀਮ ਨੇ ਰਾਵੀ ਦਰਿਆ ਦੇ ਕੀੜੀਆਂ ਗੰਡਵਾਲ ਵਿੱਚ ਕਾਰਵਾਈ ਕੀਤੀ ਹੈ। ਜ਼ਿਲ੍ਹਾ ਮਾਈਨਿੰਗ ਅਧਿਕਾਰੀ ਰਜਿੰਦਰ ਸਿੰਘ ਬੰਦਰਾਲ ਨੇ ਦੱਸਿਆ ਸੁਪਰੀਮ ਕੋਰਟ ਤੇ ਐਨ ਜੀ ਟੀ, ਪ੍ਰਦੂਸ਼ਣ ਵਿਭਾਗ ਤੇ ਮਾਈਨਿੰਗ ਵਿਭਾਗ ਦੇ ਨਿਯਮਾਂ ਦੀ ਉਲੱਘਣਾ ਕਰਨ 'ਤੇ ਉਕਤ ਕਾਰਵਾਈ ਕੀਤੀ ਗਈ ਹੈ।

ਜਾਇੰਟ ਡਾਇਰੈਕਟਰ ਅਸ਼ਵਨੀ ਕੁਮਾਰ ਖਜੂਰੀਆ ਜਦੋਂ 28 ਜਨਵਰੀ ਨੂੰ ਵਿਧਾਇਕ ਦੇ ਕਰੱਸ਼ਰ 'ਤੇ ਜਾਂਚ ਲਈ ਪੁੱਜੇ ਸਨ ਤਾਂ ਵਿਧਾਇਕ ਨੇ ਜਾਂਚ-ਪੜਤਾਲ ਵਿੱਚ ਸਹਿਯੋਗ ਦੀ ਥਾਂ ਦੁਰਵਿਹਾਰ ਕੀਤਾ ਸੀ। ਜਾਇੰਟ ਡਾਇਰੈਕਟਰ ਨਾਲ ਮਾਈਨਿੰਗ ਬਾਰੇ ਬਹਿਸ ਕਰਦਿਆਂ ਵਿਧਾਇਕ ਨੇ ਆਪਣੇ ਰਸੂਖ ਨਾਲ ਸਟੋਨ ਕਰੱਸ਼ਰ ਦਫ਼ਤਰ ਕੀੜੀਆਂ ਗੰਡਿਆਲ 'ਚ ਪੰਜਾਬ ਪੁਲਸ ਨੂੰ ਸੱਦ ਲਿਆ ਅਤੇ ਥਾਣਾ ਇੰਚਾਰਜ ਨੇ ਵਿਧਾਇਕ ਦੀ ਹਾਜ਼ਰੀ ਵਿੱਚ ਜੁਆਇੰਟ ਡਾਇਰੈਕਟਰ ਨੂੰ ਬੰਧਕ ਬਣਾਉਣ ਦੀ ਧਮਕੀ ਦੇ ਦਿੱਤੀ। ਇਸ ਦੌਰਾਨ ਜਾਇੰਟ ਡਾਇਰੈਕਟਰ ਨੇ ਮੌਕੇ ਨੂੰ ਦੇਖਦਿਆਂ ਕਠੂਆ ਤੋਂ ਪੁਲਸ ਸੱਦ ਲਈ ਤਾਂ ਵਿਧਾਇਕ ਨੇ ਮੌਕਾ ਸਮਝਦਿਆਂ ਇਸ ਮਾਮਲੇ ਨੂੰ ਡਿਪਟੀ ਡਾਇਰੈਕਟਰ ਨਾਲ ਸੁਲਝਾਉਣਾ ਬਿਹਤਰ ਸਮਝਿਆ ਤੇ ਮੌਕੇ 'ਤੇ ਥਾਣਾ ਇੰਚਾਰਜ ਨੇ ਜਾਇੰਟ ਡਾਇਰੈਕਟਰ ਤੋਂ ਮਾਫ਼ੀ ਮੰਗ ਲਈ ਸੀ।

## ਪੰਜ ਲੱਖ ਦੀ ਫਿਰੌਤੀ ਮੰਗਣ ਵਾਲੇ ਤਿੰਨ ਜਣੇ ਗ੍ਰਿਫ਼ਤਾਰ

ਐਸ ਏ ਐਸ ਨਗਰ, 5 ਫਰਵਰੀ (ਪੋਸਟ ਬਿਊਰੋ)- ਬੱਬਰ ਖ਼ਾਲਸਾ ਦੇ ਨਾਂ 'ਤੇ ਪੰਜ ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਕੇਸ ਵਿੱਚ ਫੇਜ਼-11 ਥਾਣਾ ਦੀ ਪੁਲਸ ਨੇ ਤਿੰਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਨੌਜਵਾਨਾਂ ਦੀ ਪਛਾਣ ਰਵੀ ਕੁਮਾਰ ਵਾਸੀ ਨਰਾਇਣਗੜ੍ਹ (ਹਰਿਆਣਾ), ਬ੍ਰਹਮਜੋਤ ਸਿੰਘ ਵਾਸੀ ਮਹੇਸ਼ ਨਗਰ (ਅੰਬਾਲਾ) ਤੇ ਅਮਨਦੀਪ ਸਿੰਘ ਵਾਸੀ ਜਗਾਧਰੀ ਜ਼ਿਲ੍ਹਾ ਯਮੁਨਾਨਗਰ (ਹਰਿਆਣਾ) ਵਜੋਂ ਹੋਈ ਹੈ। ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਇਨ੍ਹਾਂ ਤਿੰਨਾਂ ਨੂੰ ਫਿਰੌਤੀ ਮੰਗਣ ਦੇ ਦੋਸ਼ 'ਚ ਪਹਿਲਾਂ



ਗ੍ਰਿਫ਼ਤਾਰ ਹੋਏ ਹਰਸ਼ਦੀਪ ਸਿੰਘ ਹਰਸ਼ ਵਾਸੀ ਹਾਊਸਿੰਗ ਬੋਰਡ ਕਾਲੋਨੀ ਸੈਕਟਰ-18 ਜਗਾਧਰੀ ਜ਼ਿਲ੍ਹਾ ਯਮੁਨਾਨਗਰ (ਹਰਿਆਣਾ) ਦੀ ਸੂਚਨਾ ਉੱਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਇਨ੍ਹਾਂ ਤਿੰਨਾਂ ਨੌਜਵਾਨਾਂ ਨੂੰ ਅਦਾਲਤ 'ਚ ਪੇਸ਼ ਕੀਤਾ, ਜਿੱਥੋਂ ਅਦਾਲਤ ਨੇ ਉਨ੍ਹਾਂ ਨੂੰ ਪੁਲਸ ਰਿਮਾਂਡ 'ਤੇ ਭੇਜ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ ਥਾਣਾ ਫੇਜ਼-11 ਦੀ ਪੁਲਸ ਨੂੰ ਗੁਰਦਿਆਲ ਸਿੰਘ ਵਾਸੀ ਫੇਜ਼-10 ਨੇ ਸ਼ਿਕਾਇਤ ਦਿੱਤੀ ਸੀ ਕਿ ਉਸ ਦਾ ਦਵਾਈਆਂ ਦਾ ਕਾਰੋਬਾਰੀ ਹੈ ਅਤੇ ਉਦਯੋਗਿਕ ਖੇਤਰ ਮੋਹਾਲੀ 'ਚ ਉਸ ਦੀ ਇੱਕ ਫੈਕਟਰੀ ਹੈ। 17 ਜਨਵਰੀ ਦੀ ਰਾਤ ਕਿਸੇ ਅਣਪਛਾਤੇ ਵਿਅਕਤੀ ਨੇ ਫੋਨ ਕਰਕੇ ਆਪਣੇ ਆਪ ਨੂੰ ਬੱਬਰ ਖ਼ਾਲਸਾ ਨਾਲ ਸਬੰਧਤ ਦੱਸਿਆ ਅਤੇ ਧਮਕੀ ਦੇ ਕੇ ਪੰਜ ਲੱਖ ਰੁਪਏ ਫ਼ਿਰੌਤੀ ਮੰਗੀ। ਪੁਲਸ ਨੇ ਲੋਕੇਸ਼ਨ ਟ੍ਰੇਸ ਕਰਕੇ ਹਰਸ਼ਦੀਪ ਨੂੰ ਗ੍ਰਿਫ਼ਤਾਰ ਕਰ ਲਿਆ।

# ਥਾਣਾ ਛਾਉਣੀ ਦੇ ਮੁਖੀ ਨੇ ਵਿਆਹ ਵਿੱਚ ਨੱਚਦੇ ਟ੍ਰੈਵਲ ਏਜੰਟ ਨੂੰ ਜਾ ਫੜ੍ਹਿਆ

ਜਲੰਧਰ, 5 ਫਰਵਰੀ (ਪੋਸਟ ਬਿਊਰੋ)- ਥਾਣਾ ਛਾਉਣੀ ਦੇ ਮੁਖੀ ਰਾਮਪਾਲ ਨੇ ਕੱਲ੍ਹ ਗੜ੍ਹਾ ਵਿਖੇ ਚੱਲ ਰਹੇ ਇੱਕ ਵਿਆਹ ਸਮਾਗਮ ਦੌਰਾਨ ਭੰਗੜਾ ਪਾ ਰਹੇ ਇੱਕ ਟ੍ਰੈਵਲ ਏਜੰਟ ਨਾਲ ਭੰਗੜਾ ਪਾਉਂਦੇ ਹੋਏ ਉਸ ਨੂੰ ਕਾਬੂ ਕਰ ਲਿਆ, ਜਿਹੜਾ ਪੂਰੇ ਖੇਤਰ ਅਤੇ ਵਿਸ਼ੇਸ਼ ਤੌਰ 'ਤੇ ਛਾਉਣੀ ਖੇਤਰ 'ਚ ਚਰਚਾ ਦਾ ਵਿਸ਼ਾ ਬਣਿਆ ਰਿਹਾ। ਉਕਤ ਏਜੰਟ ਨੇ ਅਮਰੀਕਾ ਭੇਜਣ ਦੇ ਨਾਂਅ 'ਤੇ ਇੱਕ ਵਿਅਕਤੀ ਨਾਲ 14 ਲੱਖ ਰੁਪਏ ਦੀ ਠੱਗੀ ਮਾਰੀ ਸੀ ਤੇ ਵਿਦੇਸ਼ ਭੇਜੇ ਨੌਜਵਾਨ ਦਾ ਸੱਤ ਮਹੀਨੇ ਤੋਂ ਕੋਈ ਸੁਰਾਗ ਨਹੀਂ ਲੱਗ ਰਿਹਾ, ਜਿਸ ਕਾਰਨ ਕਾਬੂ ਕੀਤੇ ਟ੍ਰੈਵਲ ਏਜੰਟ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਇਸ ਸੰਬੰਧ ਵਿੱਚ ਥਾਣਾ ਛਾਉਣੀ ਦੇ ਮੁਖੀ ਰਾਮਪਾਲ ਨੇ ਦੱਸਿਆ ਕਿ ਕਾਬੂ ਕੀਤੇ ਦੋਸ਼ੀ ਦੀ ਪਛਾਣ ਗੁਰਦੇਵ ਸਿੰਘ ਮੰਗੀ ਪੁੱਤਰ ਅਰਜਨ ਸਿੰਘ ਪਿੰਡ ਕਲਿਆਣਪੁਰ, ਲਾਂਬੜਾ ਜਲੰਧਰ ਵਜੋਂ ਹੋਈ ਹੈ, ਜਿਸ ਨੇ ਮਨਪ੍ਰੀਤ ਸਿੰਘ ਮਲੇਕਾ ਪੁੱਤਰ ਗੁਰਮੇਜ ਕੁਮਾਰ ਪਿੰਡ ਸਿੱਧਪੁਰ ਗੁਰਦਾਸਪੁਰ ਹਾਲ ਵਾਸੀ ਸੰਸਾਰਪੁਰ ਜਲੰਧਰ ਨੂੰ ਅਮਰੀਕਾ ਭੇਜਣ ਅਤੇ ਉਸ ਨੂੰ ਪੱਕਾ ਕਰਨ ਦਾ ਲਾਲਚ ਦੇ ਕੇ ਉਸ ਨਾਲ 14 ਲੱਖ ਰੁਪਏ ਦੀ ਗੱਲ ਪੱਕੀ ਕੀਤੀ ਸੀ। ਉਸ ਨੇ ਵੱਖ-ਵੱਖ ਸਮੇਂ 'ਤੇ ਪੀੜਤ ਵਿਅਕਤੀ ਦੇ ਪਰਵਾਰ ਤੋਂ ਨੌਂ ਲੱਖ ਰੁਪਏ ਲੈ ਕੇ ਮਨਪ੍ਰੀਤ ਸਿੰਘ ਨੂੰ ਕਿਸੇ ਹੋਰ ਦੇਸ਼ ਭੇਜ ਦਿੱਤਾ ਤੇ ਜਦੋਂ ਉਸ ਦੇ ਪਰਵਾਰ ਨੇ ਇਤਰਾਜ ਕੀਤਾ ਤਾਂ ਉਕਤ ਏਜੰਟ ਨੇ ਕਿਹਾ ਕਿ ਪਹਿਲਾਂ ਪੰਜ ਲੱਖ ਰੁਪਏ ਦੇਣ, ਉਸ ਤੋਂ ਬਾਅਦ ਮਨਪ੍ਰੀਤ ਸਿੰਘ ਨੂੰ ਸਹੀ ਥਾਂ ਪਹੁੰਚਾਵੇਗਾ ਪ੍ਰੰਤੂ ਉਸਦੇ ਬਾਵਜੂਦ ਉਸ ਨੇ ਮਨਪ੍ਰੀਤ ਸਿੰਘ ਨੂੰ ਅਮਰੀਕਾ ਨਹੀਂ ਭੇਜਿਆ।

ਥਾਣਾ ਮੁਖੀ ਰਾਮਪਾਲ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਨੂੰ ਵਿਦੇਸ਼ ਗਏ ਕਰੀਬ ਸੱਤ ਮਹੀਨੇ ਹੋ ਗਏ ਹਨ ਤੇ ਕੱਲ੍ਹ ਤੱਕ ਉਸ ਦਾ ਕੁਝ ਪਤਾ ਨਹੀਂ ਲੱਗ ਸਕਿਆ ਕਿ ਕਿੱਥੇ ਹੈ ਤੇ ਕੀ ਕਰਦਾ ਹੈ। ਉਨ੍ਹਾਂ ਦੱਸਿਆ ਕਿ ਕੱਲ੍ਹ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਵਿਦੇਸ਼ ਭੇਜਣ ਦੇ ਨਾਂਅ 'ਤੇ ਲੱਖਾਂ ਰੁਪਏ ਦੀਆਂ ਠੱਗੀਆਂ ਮਾਰਨ ਦੇ ਮਾਮਲੇ 'ਚ ਵੱਖ-ਵੱਖ ਥਾਣਿਆਂ ਵੱਲੋਂ ਨਾਮਜ਼ਦ ਕੀਤਾ ਗਿਆ ਦੋਸ਼ੀ ਗੁਰਦੇਵ ਸਿੰਘ ਮੰਗੀ ਗੜ੍ਹਾ ਵਿਖੇ ਚੱਲ ਰਹੇ ਇੱਕ ਵਿਆਹ ਵਿੱਚ ਭੰਗੜਾ ਪਾ ਰਿਹਾ ਹੈ, ਜਿਸ ਦੇ ਆਧਾਰ 'ਤੇ ਉਨ੍ਹਾਂ ਨੇ ਦੋਸ਼ੀ ਨੂੰ ਵਿਆਹ ਸਮਾਗਮ 'ਚੋਂ ਕਾਬੂ ਕਰ ਲਿਆ। ਰਾਮਪਾਲ ਨੇ ਕਿ ਉਕਤ ਦੋਸ਼ੀ ਖ਼ਿਲਾਫ਼ ਪਹਿਲਾਂ ਵੀ ਵੱਖ-ਵੱਖ ਥਾਣਿਆਂ ਜਲੰਧਰ, ਨਵਾਂਸ਼ਹਿਰ ਆਦਿ 'ਚ ਕਈ ਮਾਮਲੇ ਦਰਜ ਹਨ।

## ਸਾਬਕਾ ਕੌਂਸਲਰ ਦੇ ਬੇਟੇ ਅਤੇ ਫੌਜੀ ਦੀ ਹਾਦਸੇ ਵਿੱਚ ਮੌਤ

ਪੱਟੀ, 5 ਫਰਵਰੀ (ਪੋਸਟ ਬਿਊਰੋ)- ਸਾਬਕਾ ਕੌਂਸਲਰ ਕਮਲ ਜੈਨ ਦੇ ਬੇਟੇ ਰੋਹਿਤ ਜੈਨ ਅਤੇ ਉਸ ਦੇ ਇੱਕ ਸਾਥੀ ਫੌਜੀ ਦਿਲਬਾਗ ਸਿੰਘ ਸਭਰਾ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਹੈ। ਅੰਕੁਸ਼ ਜੈਨ ਪੁੱਤਰ ਕਮਲ ਜੈਨ ਵਾਸੀ ਵਾਰਡ ਨੰਬਰ 10 ਜੈਨ ਮੁਹੱਲਾ ਪੱਟੀ ਨੇ ਦੱਸਿਆ ਕਿ ਕੱਲ੍ਹ ਉਸ ਦਾ ਭਰਾ ਇਕੱਲਾ ਹੀ ਨਿੱਜੀ ਕੰਮ ਲਈ ਦਿੱਲੀ ਜਾ ਰਿਹਾ ਸੀ। ਉਹ ਕਾਰ ਲੈ ਕੇ ਲੁਧਿਆਣਾ ਤੱਕ ਗਿਆ ਅਤੇ ਉਥੇ ਰਿਸ਼ਤੇਦਾਰਾਂ ਦੇ ਘਰ ਕਾਰ ਲਾ ਕੇ ਬਸ ਵਿੱਚ ਦਿੱਲੀ ਚਲਾ ਗਿਆ। ਕੱਲ੍ਹ ਸ਼ਾਮ ਦਿੱਲੀ ਤੋਂ ਵਾਪਸੀ ਵੇਲੇ ਉਸ ਦੀ ਮੁਲਾਕਾਤ ਪਿੰਡ ਸਭਰਾ ਦੇ 19 ਸਿੱਖ ਰੈਜੀਮੈਂਟ ਵਿੱਚ ਦਿੱਲੀ ਵਿੱਚ ਡਿਊਟੀ ਕਰਦੇ ਫੌਜੀ ਦਿਲਬਾਗ ਸਿੰਘ ਪੁੱਤਰ ਬਲਦੇਵ ਸਿੰਘ ਨਾਲ ਹੋਈ, ਜਿਹੜਾ ਛੁੱਟੀ ਆ ਰਿਹਾ ਸੀ। ਫੌਜੀ ਦਿਲਬਾਗ ਸਿੰਘ ਦੇ ਪਿਤਾ ਦੀ ਮੌਤ 14 ਜਨਵਰੀ ਨੂੰ ਹੋਈ ਸੀ, ਜਿਸ ਦੇ ਭੋਗ ਉਤੇ ਉਹ ਪਿੰਡ ਛੁੱਟੀ ਆ ਰਿਹਾ ਸੀ। ਇਸ ਬਾਰੇ ਰੋਹਿਤ ਜੈਨ ਨੇ ਮੋਬਾਈਲ 'ਤੇ ਪਰਵਾਰ ਨੂੰ ਦੱਸਿਆ ਸੀ। ਪੱਟੀ ਨੇੜੇ ਪਿੰਡ ਹੋਣ ਕਾਰਨ ਦੋਵਾਂ ਦੀ ਸਾਂਝ ਬਣ ਗਈ ਅਤੇ ਰਾਤ ਨੂੰ ਦੋਵੇਂ ਇਕੱਠੇ ਕਾਰ 'ਚ ਪੱਟੀ ਆ ਰਹੇ ਸਨ ਤਾਂ ਨੈਸ਼ਨਲ ਹਾਈਵੇ 'ਤੇ ਸਰਹਾਲੀ ਦੇ ਨੇੜੇ ਹਾਦਸਾ ਹੋ ਗਿਆ, ਜਿਸ ਦਾ ਪਰਵਾਰ ਨੂੰ ਸਵੇਰੇ 6.30 ਵਜੇ ਓਦੋਂ ਪਤਾ ਲੱਗਾ ਜਦੋਂ ਥਾਣਾ ਸਰਹਾਲੀ ਤੋਂ ਪੁਲਸ ਦਾ ਫੋਨ ਆਇਆ। ਰੋਹਿਤ ਜੈਨ ਨੂੰ ਹਸਪਤਾਲ ਲਿਆਂਦਾ ਤਾਂ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ।

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under
INVESTORS CLASS IMMIGRATION

Atlantic Immigration


By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## ਐੱਨ ਪੀ ਆਰ ਅਪਡੇਟ ਕਰਨ ਵੇਲੇ ਦਸਤਾਵੇਜ਼ ਵਿਖਾਉਣੇ ਜ਼ਰੂਰੀ ਨਹੀਂ

ਨਵੀਂ ਦਿੱਲੀ, 5 ਫਰਵਰੀ (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਅਤੇ ਨੈਸ਼ਨਲ ਪਾਪੂਲੇਸ਼ਨ ਰਜਿਸਟਰ (ਐੱਨ ਪੀ ਆਰ) ਦੇ ਮੁੱਦੇ ਬਾਰੇ ਦੇਸ਼ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਅਫਵਾਹਾਂ ਫੈਲੀਆਂ ਹੋਈਆਂ ਹਨ। ਮੋਦੀ ਸਰਕਾਰ ਨੇ ਇਨ੍ਹਾਂ ਅਫਵਾਹਾਂ ਦੌਰਾਨ ਕਿਹਾ ਕਿ ਐੱਨ ਪੀ ਆਰ ਅਪਡੇਟ ਕਰਨ ਵੇਲੇ ਕਿਸੇ ਤਰ੍ਹਾਂ ਦੇ ਦਸਤਾਵੇਜ਼ ਦੀ ਵੀ ਲੋੜ ਨਹੀਂ। ਆਧਾਰ ਕਾਰਡ ਦਾ ਨੰਬਰ ਦੇਣਾ ਹੀ ਬਦਲ ਹੋਵੇਗਾ। ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਪਾਰਲੀਮੈਂਟ ਵਿੱਚ ਲਿਖਤੀ ਤੌਰ 'ਤੇ ਦਿੱਤੇ ਜਵਾਬ ਵਿੱਚ ਇਹ ਗੱਲ ਕਹੀ ਹੈ। ਨੈਸ਼ਨਲ ਪਾਪੂਲੇਸ਼ਨ ਰਜਿਸਟਰ ਦੀ ਅਪਡੇਸ਼ਨ ਵੇਲੇ ਹਰ ਪਰਿਵਾਰ ਅਤੇ ਵਿਅਕਤੀ ਦੀ ਜਾਣਕਾਰੀ ਲਈ ਜਾਏਗੀ। ਇਸ ਪ੍ਰਕਿਰਿਆ ਦੌਰਾਨ ਦਸਤਾਵੇਜ਼ਾਂ ਦੀ ਮੰਗ ਬਾਰੇ ਰਾਜ ਸਰਕਾਰਾਂ ਵੱਲੋਂ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਜਾ ਰਹੇ ਸਨ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਉਹ ਸੂਬਾਈ ਸਰਕਾਰਾਂ ਨਾਲ ਗੱਲਬਾਤ ਕਰੇਗੀ।

## ਹਾਈ ਕੋਰਟ ਨੇ ਪੁਛਿਆ, ਜਦੋਂ ਪੰਚਕੂਲਾ ਵਿੱਚ ਧਾਰਾ 144 ਲੱਗੀ ਸੀ, ਹਜ਼ਾਰਾਂ ਡੇਰਾ ਪ੍ਰੇਮੀ ਉਥੇ ਕਿਵੇਂ ਇਕੱਠੇ ਹੋਏ

ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਸੀ ਬੀ ਆਈ ਵਿਸ਼ੇਸ਼ ਅਦਾਲਤ ਪੰਚਕੂਲਾ ਵੱਲੋਂ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਬਲਾਤਕਾਰ ਦੇ ਦੋਸ਼ ਵਿੱਚ ਸਜ਼ਾ ਸੁਣਾਉਣ ਵੇਲੇ ਪੰਚਕੂਲਾ ਵਿੱਚ ਵਾਪਰੀ ਵਿਆਪਕ ਹਿੰਸਾ ਦਾ ਮਾਮਲਾ ਇਸ ਵਕਤ ਹਾਈ ਕੋਰਟ ਵਿੱਚ ਵਿਚ-ਾਰਿਆ ਜਾ ਰਿਹਾ ਹੈ।

ਪੰਜਾਬ ਹਰਿਆਣਾ ਹਾਈ ਕੋਰਟ ਨੇ ਕੱਲ੍ਹ ਫਿਰ ਹਰਿਆਣਾ ਸਰਕਾਰ ਖਾਸ ਕਰ ਕੇ ਪੁਲਸ ਉਤੇ ਸਵਾਲ ਦਾਗਿਆ ਹੈ ਕਿ ਜਦੋਂ ਪੰਚਕੂਲਾ ਵਿੱਚ ਧਾਰਾ 144 ਲਾਗੂ ਕੀਤੀ ਜਾ ਚੁੱਕੀ ਸੀ ਤਾਂ ਉਨ੍ਹਾਂ ਦਿਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਡੇਰਾ ਪ੍ਰੇਮੀਆਂ ਨੂੰ ਪੰਚਕੂਲਾ ਵਿੱਚ ਕਿਵੇਂ ਅਤੇ ਕਿਉਂ ਇਕੱਠਾ ਹੋਣ ਦਿੱਤਾ ਗਿਆ। ਜਸਟਿਸ ਰਾਜੀਵ ਸ਼ਰਮਾ, ਜਸਟਿਸ ਆਰ ਕੇ ਜੈਨ ਅਤੇ ਜਸਟਿਸ ਏ ਜੀ ਮਸੀਹ ਦੇ ਬੈਂਚ ਨੇ ਇਥੋਂ ਤੱਕ ਆਖਿਆ ਕਿ ਇਸ ਤੋਂ ਸਾਫ ਹੈ ਕਿ ਸਰਕਾਰ ਧਾਰਾ 144 ਲਾਗੂ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ। ਬੈਂਚ ਨੇ ਕਿਹਾ ਕਿ ਸਰਕਾਰ ਕਹਿੰਦੀ ਹੈ ਕਿ ਉਹ ਲੋਕ ਸ਼ਾਂਤੀ ਪੂਰਵਕ ਇਕੱਠੇ ਹੋਏ ਸਨ। ਜੇ ਸ਼ਾਂਤੀ ਪੂਰਵਕ ਬੈਠੇ ਸਨ ਤਾਂ ਧਾਰਾ 144 ਲਾਉਣ ਦੀ ਕੀ ਲੋੜ ਸੀ? ਉਥੇ ਲਾਉਣ ਪਿੱਛੋਂ ਇਸ ਨੂੰ ਸਖਤੀ ਨਾਲ ਲਾਗੂ ਕਿਉਂ ਨਹੀ ਕੀਤਾ ਗਿਆ? ਕੋਰਟ ਨੇ ਪੁੱਛਿਆ ਕਿ ਤਿੰਨ ਦਿਨ ਤੱਕ ਕਿਸ ਨੇ ਇਨ੍ਹਾਂ ਨੂੰ ਭੋਜਨ ਦਿੱਤਾ?



ਫਾਇਲ ਫੋਟੋ।

ਇਸ ਉੱਤੇ ਹਰਿਆਣਾ ਦੇ ਐਡਵੋਕੇਟ ਜਨਰਲ ਨੇ ਕਿਹਾ ਕਿ ਇਹ ਲੋਕ ਸ਼ਾਂਤੀ ਪੂਰਵਕ ਬੈਠੇ ਸਨ, ਪਰ ਇਨ੍ਹਾਂ ਦੀ ਗਿਣਤੀ ਵੱਧ ਹੋਣ ਕਾਰਨ ਸਰਕਾਰ ਨੇ ਕਿਸੇ ਅਣਕਿਆਸੀ ਘਟਨਾ ਨੂੰ ਰੋਕਣ ਲਈ ਧਾਰਾ 144 ਲਾਈ ਸੀ। ਜਿਵੇਂ ਹੀ ਭੀੜ ਹਿੰਸਕ ਹੋਈ ਤਾਂ ਉਸ ਉਤੇ ਫੌਰੀ ਕਾਬੂ ਪਾ ਲਿਆ ਗਿਆ। ਉਨ੍ਹਾਂ ਕਿਹਾ ਕਿ ਇਹ ਦੋਸ਼ ਗਲਤ ਹੈ ਕਿ ਡੇਰਾ ਪ੍ਰੇਮੀਆਂ ਨੂੰ ਸਰਕਾਰ ਵੱਲੋਂ ਭੋਜਨ ਦਿੱਤਾ ਜਾ ਰਿਹਾ ਸੀ, ਇਹ ਭੋਜਨ ਡੇਰਾ ਪੰਚਕੂਲਾ ਵੱਲੋਂ ਦਿੱਤਾ ਗਿਆ ਸੀ।

ਸੁਣਵਾਈ ਦੌਰਾਨ ਕੋਰਟ ਮਿੱਤਰ ਅਨਪਮ ਗੁਪਤਾ ਨੇ ਕਿਹਾ ਕਿ ਉਸ ਵੇਲੇ ਸਰਕਾਰ ਨੇ ਡੇਰਾ ਸਮਰਥਕਾਂ ਸਾਹਮਣੇ ਪੂਰੀ ਤਰ੍ਹਾਂ ਸਮਰਪਣ ਕਰ ਦਿੱਤਾ ਸੀ। ਸਰਕਾਰ ਦੀ ਨਾਕਾਮੀ ਕਾਰਨ ਭੰਨ ਤੋੜ, ਅੱਗਜ਼ਨੀ ਤੇ ਹਿੰਸਾ ਹੋਈ ਸੀ। ਪੰਚਕੂਲਾ ਵਿੱਚ ਡੇਰਾ ਸਮਰਥਕ ਸਰਕਾਰ ਕੋਲੋਂ ਆਪਣੀ ਕੋਈ ਮੰਗ ਮਨਵਾਉਣ ਵਾਸਤੇ ਨਹੀਂ, ਅਦਾਲਤ 'ਤੇ ਦਬਾਅ ਬਣਾਉਣ ਦੇ ਲਈ ਜੁੜੇ ਸਨ। ਇਸ ਲਈ ਜਦੋਂ ਡੇਰਾ ਮੁਖੀ ਵਿਰੁੱਧ ਫੈਸਲਾ ਆਇਆ ਤਾਂ ਇਨ੍ਹਾਂ ਨੇ ਹਿੰਸਕ ਹੁੰਦੇ ਹੋਏ ਭੰਨਤੋੜ ਅਤੇ ਅੱਗਜ਼ਨੀ ਕੀਤੀ। ਹਿੰਸਾ ਵਿੱਚ ਹੋਈ ਸਰਕਾਰੀ ਅਤੇ ਨਿੱਜੀ ਜਾਇਦਾਦ ਦੇ ਨੁਕਸਾਨ ਦੀ ਭਰਪਾਈ ਕਿਸ ਤੋਂ ਕੀਤੀ ਜਾਵੇ, ਹਾਈ ਕੋਰਟ ਇਸ ਮੁੱਦੇ 'ਤੇ ਸਾਰੇ ਪੱਖਾਂ ਤੋਂ ਦਲੀਲਾਂ ਸੁਣ ਰਹੀ ਹੈ। ਅਨੁਪਮ ਗੁਪਤਾ ਨੇ ਕਿਹਾ ਕਿ ਇਸ ਪੂਰੇ ਮਾਮਲੇ ਵਿੱਚ ਸਰਕਾਰ ਦੀ ਨਾਕਾਮੀ ਸਾਹਮਣੇ ਆਈ ਹੈ ਇਸ ਲਈ ਨੁਕਸਾਨ ਲਈ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਨਹੀਂ ਹੋ ਸਕਦੀ। ਹਾਈ ਕੋਰਟ ਨੇ ਸੁਣਵਾਈ 18 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਹੈ।

ਇਸ ਮਾਮਲੇ ਵਿੱਚ ਡੇਰਾ ਮੁਖੀ ਦੇ ਕਿਸੇ ਸਮੇਂ ਕਰੀਬੀ ਰਹਿ ਚੁੱਕੇ ਐਡਵੋਕੇਟ ਮਹਿੰਦਰ ਸਿੰਘ ਜੋਸ਼ੀ ਵੀ ਕੱਲ੍ਹ ਅਦਾਲਤ ਵਿੱਚ ਪੇਸ਼ ਹੋਏ। ਜੋਸ਼ੀ ਨੇ ਮੰਗ ਕੀਤੀ ਕਿ ਹਿੰਸਾ ਨਾਲ ਸੰਬੰਧਤ ਜਿੰਨੇ ਵੀ ਕੇਸ ਦਰਜ ਹੋਏ ਹਨ ਉਨ੍ਹਾਂ ਵਿੱਚ ਡੇਰਾ ਮੁਖੀ ਨੂੰ ਦੋਸ਼ੀ ਨਾਮਜ਼ਦ ਕੀਤਾ ਜਾਵੇ।

## ਸਰਵੇਖਣ ਮੁਤਾਬਿਕ ਦਿੱਲੀ ਵਿੱਚ ਕੇਜਰੀਵਾਲ ਨੂੰ ਮਿਲ ਸਕਦੀਆਂ ਹਨ 54 ਤੋਂ 60 ਸੀਟਾਂ

### * ਭਾਜਪਾ ਨੂੰ 10 ਤੋਂ 14 ਸੀਟਾਂ ਮਿਲਣ ਦੀ ਆਸ

ਨਵੀਂ ਦਿੱਲੀ, 5 ਫਰਵਰੀ (ਪੋਸਟ ਬਿਊਰੋ)- ਦਿੱਲੀ ਵਿੱਚ ਅੱਠ ਫਰਵਰੀ ਨੂੰ ਪੈਣ ਵਾਲੀਆਂ ਵੋਟਾਂ ਤੋਂ ਪਹਿਲਾਂ ਲੋਕਾਂ ਦਾ ਮੂਡ ਸਮਝਣ ਲਈ ਟਾਈਮਜ਼ ਨਾਓ ਨੇ ਆਈ ਪੀ ਐੱਸ ਓ ਐੱਸ ਨਾਲ ਮਿਲ ਕੇ ਲੋਕਾਂ ਦੀ ਰਾਇ ਲਈ ਹੈ। ਇਸ ਚੋਣ ਸਰਵੇ ਤੋਂ ਸਪੱਸ਼ਟ ਹੁੰਦਾ ਹੈ ਕਿ ਰਾਜਧਾਨੀ ਵਿੱਚ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਹੀ ਮੁੱਖ ਮੁਕਾਬਲਾ ਹੋ ਰਿਹਾ ਹੈ। ਕਾਂਗਰਸ ਇਸ ਮੁਕਾਬਲੇ ਵਿੱਚ ਬੇਹੱਦ ਪਿੱਛੇ ਨਜ਼ਰ ਆ ਰਹੀ ਹੈ।



ਵੋਟਾਂ ਦੀ ਫੀਸਦੀ ਦੇ ਹਿਸਾਬ ਨਾਲ 2015 ਵਾਂਗ ਆਮ ਆਦਮੀ ਪਾਰਟੀ ਇਸ ਵਾਰ ਵੀ ਸਭ ਤੋਂ ਅੱਗੇ ਹੈ। ਉਂਝ ਉਸ ਦੇ ਵੋਟ ਫੀਸਦੀ ਵਿੱਚ ਤਿੰਨ ਫੀਸਦੀ ਦੀ ਕਮੀ ਹੋ ਰਹੀ ਹੈ। ਟਾਈਮਜ਼ ਨਾਓ-ਆਈ ਪੀ ਐੱਸ ਓ ਐੱਸ ਓਪੀਨੀਅਨ ਪੋਲ ਮੁਤਾਬਕ ਦਿੱਲੀ ਵਿੱਚ ਇੱਕ ਵਾਰ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੀ ਨਜ਼ਰ ਆ ਰਹੀ ਹੈ। 2015 ਦੀਆਂ ਅਸੈਂਬਲੀ ਚੋਣਾਂ ਦੌਰਾਨ 55 ਫੀਸਦੀ ਵੋਟ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਨੂੰ ਇਸ ਵਾਰ 52 ਸੀਟਾਂ ਅਤੇ ਭਾਜਪਾ ਨੂੰ 34 ਫੀਸਦੀ ਵੋਟਾਂ ਨਾਲ 10 ਤੋਂ 14 ਸੀਟਾਂ ਮਿਲਣ ਦੀ ਸੰਭਾਵਨਾ ਹੈ।

ਦਿੱਲੀ ਦੀਆਂ ਸੱਤਰ ਸੀਟਾਂ 'ਤੇ ਆਮ ਆਦਮੀ ਪਾਰਟੀ ਨੂੰ ਇਸ ਵਾਰ ਪਿਛਲੀ ਵਾਰ ਦੇ ਮੁਕਾਬਲੇ ਸੱਤ ਤੋਂ 13 ਸੀਟਾਂ ਦਾ ਨੁਕਸਾਨ ਹੋ ਸਕਦਾ ਹੈ। ਪਿਛਲੀ ਵਾਰ 67 ਸੀਟਾਂ ਜਿੱਤਣ ਵਾਲੀ ਆਮ ਆਦਮੀ ਪਾਰਟੀ ਨੂੰ ਇਸ ਵਾਰ 54 ਤੋਂ 60 ਸੀਟਾਂ ਮਿਲਣ ਦਾ ਅਨੁਮਾਨ ਹੈ। ਭਾਜਪਾ ਨੂੰ 10 ਤੋਂ 14 ਸੀਟਾਂ ਮਿਲ ਸਕਦੀਆਂ ਹਨ। ਕਾਂਗਰਸ ਨੂੰ ਦੋ ਸੀਟਾਂ ਤੱਕ ਮਿਲਣ ਦੀ ਸੰਭਾਵਨਾ ਹੈ। 51 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਸ਼ਾਹੀਨ ਬਾਗ ਵਿਖੇ ਚੱਲ ਰਿਹਾ ਅੰਦੋਲਨ ਠੀਕ ਨਹੀਂ ਹੈ। 25 ਫੀਸਦੀ ਲੋਕ ਇਸ ਨੂੰ ਠੀਕ ਮੰਨਦੇ ਹਨ। ਇਹ ਅੰਦੋਲਨ ਸੀ ਏ ਏ ਵਿਰੁੱਧ ਹੋ ਰਿਹਾ ਹੈ।

### ਗੋਆ ਦਾ ਲੀਡਰ ਕਹਿੰਦੈ:

## ਅੰਬੇਦਕਰ 'ਦਲਿਤਸਤਾਨ' ਬਣਾਉਣਾ ਚਾਹੁੰਦੇ ਸੀ, ਪਰ ਅਸੀਂ ਸਭ ਇਕੱਠੇ ਰਹੇ



ਪਣਜੀ, 5 ਫਰਵਰੀ (ਪੋਸਟ ਬਿਊਰੋ)- ਗੋਆ ਦੇ ਉਪ ਮੁੱਖੀ ਮੰਤਰੀ ਮਨੋਹਰ ਅਜਗਾਂਵਕਰ ਨੇ ਦਾਅਵਾ ਕੀਤਾ ਹੈ ਕਿ ਡਾ. ਬੀ ਆਰ ਅੰਬੇਦਕਰ ਦਾ ਦਲਿਤਾਂ ਲਈ 'ਦਲਿਤਸਤਾਨ' ਬਣਾਉਣ ਦਾ ਵਿਚਾਰ ਸੀ, ਪਰ ਭਾਰਤ ਦੇ ਲੋਕ ਇੱਕਜੁਟ ਬਣੇ ਰਹੇ ਸਨ ਅਤੇ ਇਹ ਗੱਲ ਨਹੀਂ ਸੀ ਹੋ ਸਕੀ।

ਅਜਗਾਂਵਰਕਰ ਨੇ ਇਹ ਗੱਲ ਪਾਰਲੀਮੈਂਟ ਵਿੱਚ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਪਾਸ ਕਰਵਾਉਣ ਦੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਧੰਨਵਾਦ ਦੇ ਮਤੇ ਲਈ ਬਹਿਸ ਦੌਰਾਨ ਕੱਲ੍ਹ ਗੋਆ ਵਿਧਾਨ ਸਭਾ ਵਿੱਚ ਕਹੀ। ਉਨ੍ਹਾਂ ਨੇ ਕਿਹਾ, 'ਦੇਸ਼ ਦੀ ਵੰਡ ਸਮੇਂ ਮੁਸਲਮਾਨ ਦੂਜੇ ਪਾਸੇ ਚਲੇ ਗਏ ਅਤੇ ਪਾਕਿਸਤਾਨ ਮੁਸਲਿਮ ਦੇਸ਼ ਬਣ ਗਿਆ, ਪਰ ਹਿੰਦੂਸਤਾਨ ਹਿੰਦੂ ਰਾਸ਼ਟਰ ਨਹੀਂ ਬਣਿਆ।'' ਪੇਰਨੇਮ ਖੇਤਰ ਤੋਂ ਭਾਜਪਾ ਵਿਧਾਨ ਸਭਾ ਮੈਂਬਰ ਮਨੋਹਰ ਅਜਗਾਂਵਕਰ ਨੇ ਕਿਹਾ, 'ਕੁਝ ਲੋਕ ਹਿੰਦੂ ਰਾਸ਼ਟਰ ਦੇ ਬਾਰੇ ਵੀ ਗੱਲ ਕਰਦੇ ਹਨ। ਹਿੰਦੂਆਂ ਵਿੱਚ ਸਾਰੇ ਭਾਈਚਾਰੇ ਆਉਂਦੇ ਹਨ, ਕੈਥੋਲਿਕ, ਹਿੰਦੂ, ਮੁਸਲਿਮ, ਦਲਿਤ। ਬਾਬਾ ਸਾਹਿਬ ਅੰਬੇਦਕਰ ਨੇ ਕਿਹਾ ਸੀ ਕਿ ਦਲਿਤਾਂ ਦੇ ਲਈ ਵੱਖਰਾ ਦਲਿਤਸਤਾਨ ਹੋਵੇਗਾ, ਪਰ ਅੱਜ ਵੀ ਅਸੀਂ ਸਭ ਇਕੱਠੇ ਹਾਂ।''

## ਬੁਰਕੇ 'ਚ ਸ਼ਾਹੀਨ ਬਾਗ ਪਹੁੰਚੀ ਗੁੰਜਾ ਕਪੂਰ ਫੜੀ ਗਈ

ਨਵੀਂ ਦਿੱਲੀ, 5 ਫਰਵਰੀ (ਪੋਸਟ ਬਿਊਰੋ)- ਦਿੱਲੀ ਦੇ ਸ਼ਾਹੀਨ ਬਾਗ ਇਲਾਕੇ ਵਿੱਚ ਧਰਨਾ ਪ੍ਰਦਰਸ਼ਨ ਵਾਲੀ ਥਾਂ ਉੱਤੇ ਬੁੱਧਵਾਰ ਉਸ ਸਮੇਂ ਹੰਗਾਮਾ ਹੋ ਗਿਆ, ਜਦੋਂ ਬੁਰਕਾ ਪਹਿਨ ਕੇ ਪੁੱਜੀ ਇਕ ਸ਼ੱਕੀ ਔਰਤ ਨੂੰ ਪ੍ਰਦਰਸ਼ਨ ਕਰਦੀਆਂ ਔਰਤਾਂ ਨੇ ਫੜ ਲਿਆ। ਪੁਲਸ ਨੇ ਦੱਸਿਆ ਕਿ ਬਹੁਤ ਸਾਰੇ ਸਵਾਲ ਪੁੱਛਣ ਉੱਤੇ ਨਾਗਰਿਕਤਾ ਕਾਨੂੰਨ ਵਿਰੋਧੀ ਪ੍ਰਦਰਸ਼ਨ ਕਰ ਰਹੀਆਂ ਔਰਤਾਂ ਨੇ ਉਸ ਨੂੰ ਫੜ ਲਿਆ। ਉਸ ਦੀ ਪਛਾਣ ਗੁੰਜਾ ਕਪੂਰ ਦੇ ਤੌਰ ਉੱਤੇ ਹੋਈ ਹੈ।



ਗੁੰਜਾ ਕਪੂਰ ਇਕ ਯੂ-ਟਿਊਬ ਚੈਨਲ ਚਲਾਉਂਦੀ ਹੈ। ਉਸ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਉੱਤੇ ਖੁਦ ਦੀ ਜਾਣ-ਪਛਾਣ ਯੂ-ਟਿਊਬ ਚੈਲਨ 'ਰਾਈਟ ਨੈਰੇਟਿਵ' ਦੇ ਸੰਚਾਲਕ ਵਜੋਂ ਕੀਤੀ ਹੈ। ਪੁਲਸ ਮੁਤਾਬਕ ਉਸ ਨੇ ਮਹਿਲਾ ਪ੍ਰਦਰਸ਼ਨ ਕਰਦੀਆਂ ਔਰਤਾਂ ਵਿੱਚ ਬੈਠ ਕੇ ਬਹੁਤ ਸਾਰੇ ਸਵਾਲ ਕੀਤੇ ਤਾਂ ਉਨ੍ਹਾਂ ਔਰਤਾਂ ਨੂੰ ਸ਼ੱਕ ਹੋਇਆ ਅਤੇ ਪੁਲਸ ਨੂੰ ਬੁਲਾਇਆ। ਪੁਲਸ ਦੇ ਅਧਿਕਾਰੀ ਨੇ ਦੱਸਿਆ ਕਿ ਗੁੰਜਾ ਕਪੂਰ ਨੂੰ ਪਛਾਣਨ ਪਿੱਛੋਂ ਕੁਝ ਔਰਤਾਂ ਨੇ ਉਸ ਨੂੰ ਫੜ ਲਿਆ। ਇਸ ਘਟਨਾ ਤੋਂ ਸ਼ਾਹੀਨ ਬਾਗ ਵਿਚ ਹਲਚਲ ਮਚ ਗਈ।

ਵਰਨਣ ਯੋਗ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ ਵਿੱਚ ਵਿਰੋਧ ਪ੍ਰਦਰਸ਼ਨ ਚੱਲ ਰਿਹਾ ਹੈ। ਗੁੰਜਾ ਕਪੂਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਟਵਿੱਟਰ ਉੱਤੇ ਫਾਲੋ ਕਰਦੇ ਹਨ। ਖੁਦ ਗੁੰਜਾ ਨੇ ਇਸ ਦਾ ਖੁਲਾਸਾ ਕੀਤਾ ਹੈ। ਉਸ ਨੇ ਇਕ ਟਵੀਟ ਵਿੱਚ ਲਿਖਿਆ ਹੈ ਕਿ ਨਵੇਂ ਸਾਲ ਮੌਕੇ ਉੱਤੇ ਪ੍ਰਧਾਨ ਮੰਤਰੀ ਮੋਦੀ ਨੇ ਮੈਨੂੰ ਫਾਲੋਅ ਕੀਤਾ। ਇਹ ਮੇਰਾ ਨਵੇਂ ਸਾਲ ਦਾ ਤੋਹਫਾ ਹੈ। ਧਰਨੇ ਉੱਤੇ ਬੈਠੀਆਂ ਔਰਤਾਂ ਦਾ ਕਹਿਣਾ ਹੈ ਕਿ ਗੁੰਜਾ ਕਪੂਰ ਨਾਂ ਦੀ ਔਰਤ ਬੁਰਕੇ ਵਿਚ ਕੈਮਰਾ ਲਾ ਕੇ ਵੀਡੀਓ ਬਣਾ ਰਹੀ ਸੀ। ਉਸ ਕੋਲ ਇਸ ਦਾ ਜਵਾਬ ਨਹੀਂ ਸੀ ਕਿ ਉਹ ਬੁਰਕਾ ਪਹਿਨ ਕੇ ਕਿਉਂ ਆਈ ਤੇ ਲੁੱਕ ਕੇ ਵੀਡੀਓ ਕਿਉਂ ਬਣਾ ਰਹੀ ਸੀ। ਨਾਗਰਿਕਤਾ ਸੋਧ ਕਾਨੂੰਨ ਅਤੇ ਐੱਨ ਆਰ ਸੀ ਦੇ ਵਿਰੋਧ ਕਾਰਨ ਸ਼ਾਹੀਨ ਬਾਗ ਪਿਛਲੇ ਕਈ ਦਿਨਾਂ ਤੋਂ ਸੁਰਖੀਆਂ ਵਿੱਚ ਹੈ। ਇਥੇ ਕਰੀਬ ਦੋ ਮਹੀਨੇ ਤੋਂ ਜਾਰੀ ਧਰਨਾ ਪ੍ਰਦਰਸ਼ਨ ਔਰਤਾਂ ਚਲਾ ਰਹੀਆਂ ਹਨ। ਸ਼ਾਹੀਨ ਬਾਗ ਵਿੱਚ ਇਸ ਮੌਕੇ ਕਈ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਸ ਵਿਚ ਸ਼ਾਹੀਨ ਬਾਗ ਉੱਤੇ ਫਾਇਰਿੰਗ ਦੀ ਘਟਨਾ ਵੀ ਹੈ।

## ਭਾਜਪਾ ਐੱਮ ਪੀ ਪ੍ਰਵੇਸ਼ ਵਰਮਾ ਉੱਤੇ ਚੋਣ ਕਮਿਸ਼ਨ ਨੇ ਪਾਬੰਦੀ ਫਿਰ ਲਾਈ

### * ਕੇਜਰੀਵਾਲ ਨੂੰ ਵੀ ਚੇਤਾਵਨੀ ਜਾਰੀ

ਨਵੀਂ ਦਿੱਲੀ, 5 ਫਰਵਰੀ (ਪੋਸਟ ਬਿਊਰੋ)- ਭਾਜਪਾ ਦੇ ਪਾਰਲੀਮੈਂਟ ਪ੍ਰਵੇਸ਼ ਵਰਮਾ ਉੱਤੇ ਚੋਣ ਕਮਿਸ਼ਨ ਵੱਲੋਂ ਫਿਰ ਪਾਬੰਦੀ ਲੱਗ ਗਈ ਹੈ। ਇਸ ਦੇ ਨਾਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਇਤਰਾਜ਼ ਯੋਗ ਬਿਆਨ ਦੇਣ ਦੇ ਬਾਅਦ ਚੋਣ ਕਮਿਸ਼ਨ ਨੇ ਫਿਰ ਡੰਡਾ ਚਲਾਇਆ ਅਤੇ ਚੇਤਾਵਨੀ ਜਾਰੀ ਕੀਤੀ ਹੈ।



ਚੋਣ ਕਮਿਸ਼ਨ ਨੇ ਪ੍ਰਵੇਸ਼ ਵਰਮਾ ਉੱਤੇ 24 ਘੰਟੇ ਦੀ ਪਾਬੰਦੀ ਲਾ ਦਿੱਤੀ ਹੈ। ਇਸ ਕਾਰਵਾਈ ਦੇ ਬਾਅਦ ਪ੍ਰਵੇਸ਼ ਵਰਮਾ ਰੈਲੀ, ਸਭਾ, ਰੋਡ ਸ਼ੋਅ ਅਤੇ ਕਿਸੇ ਵੀ ਤਰ੍ਹਾਂ ਦਾ ਇੰਟਰਵਿਊ ਕਿਸੇ ਚੈਨਲ ਜਾਂ ਕਿਸੇ ਪ੍ਰਿੰਟ ਮੀਡੀਆ ਨੂੰ ਨਹੀਂ ਦੇ ਸਕਣਗੇ। ਇਸ ਤੋਂ ਪਹਿਲਾਂ ਪ੍ਰਵੇਸ਼ ਵਰਮਾ ਉੱਤੇ ਕਮਿਸ਼ਨ 96 ਘੰਟੇ ਦੀ ਪਾਬੰਦੀ ਲਾ ਚੁੱਕਾ ਸੀ, ਜਿਸ ਪਿੱਛੋਂ ਕਮਿਸ਼ਨ ਨੇ ਇਹ ਕਾਰਵਾਈ ਕੀਤੀ ਹੈ ਅਤੇ ਚੋਣ ਪ੍ਰਚਾਰ ਤੋਂ ਲਾਂਭੇ ਕਰ ਦਿੱਤਾ ਹੈ।

ਦੂਸਰੇ ਪਾਸੇ ਚੋਣ ਕਮਿਸ਼ਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਚੇਤਾਵਨੀ ਦਿੱਤੀ ਹੈ। ਅਰਵਿੰਦ ਕੇਜਰੀਵਾਲ ਨੇ 13 ਜਨਵਰੀ ਨੂੰ ਇਕ ਜਲਸੇ ਵਿੱਚ ਕਿਹਾ ਸੀ ਕਿ ਉਹ ਸਾਰੀਆਂ ਅਦਾਲਤਾਂ ਅਤੇ ਬਾਰ ਦੇ ਅੰਦਰ ਮੁਹੱਲਾ ਕਲੀਨਿਕ ਬਣਾਉਣ ਲਈ ਤਿਆਰ ਹੈ। ਇਸੇ ਬਿਆਨ ਬਾਰੇ ਭਾਜਪਾ ਨੇ ਚੋਣ ਕਮਿਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਦੇ ਬਾਅਦ ਕਮਿਸ਼ਨ ਨੇ ਨੋਟਿਸ ਜਾਰੀ ਕੀਤਾ ਸੀ। ਇਸ ਮਾਮਲੇ ਵਿੱਚ ਬੁੱਧਵਾਰ ਨੂੰ ਕਮਿਸ਼ਨ ਨੇ ਕੇਜਰੀਵਾਲ ਨੂੰ ਸਖਤ ਚੇਤਾਵਨੀ ਜਾਰੀ ਕਰ ਦਿੱਤੀ ਹੈ। ਚੋਣ ਖਰਚ ਤੇ ਚੋਣ ਜ਼ਾਬਤੇ ਦੇ ਕੇਸਾਂ ਦੀ ਨਿਗਰਾਨੀ ਵਾਲੀਆਂ ਏਜੰਸੀਆਂ ਇਸ ਵਾਰ ਕਾਫ਼ੀ ਸਖ਼ਤੀ ਨਾਲ ਪੇਸ਼ ਹੋ ਰਹੀਆਂ ਹਨ। ਇਸ ਲਈ ਇਸ ਵਾਰ ਵੱਡੇ ਪੈਮਾਨੇ ਉੱਤੇ ਸ਼ਰਾਬ, ਨਸ਼ੀਲੇ ਪਦਾਰਥ, ਕੀਮਤੀ ਸਾਮਾਨ ਤੇ ਨਕਦੀ ਜ਼ਬਤ ਹੋ ਰਹੀ ਹੈ, ਪਰ ਚੋਣ ਜ਼ਾਬਤਾ ਦੇ ਉਲੰਘਣ ਦੇ ਮਾਮਲੇ ਵੱਧਦੇ ਜਾਂਦੇ ਹਨ। ਇਸੇ ਤਰ੍ਹਾਂ ਅੱਜ ਤਕ ਕੁੱਲ 532 ਮਾਮਲੇ ਨਾਮਜ਼ਦ ਕੀਤੇ ਗਏ ਹਨ, ਜਿਸ ਵਿੱਚੋਂ 514 ਮਾਮਲਿਆਂ ਵਿੱਚ ਕੇਸ ਦਰਜ ਅਤੇ 18 ਮਾਮਲਿਆਂ ਵਿੱਚ ਰਿਪੋਰਟ ਦਰਜ ਕਰਵਾਈ ਗਈ ਹੈ। ਇਨ੍ਹਾਂ ਵਿੱਚੋਂ ਬਹੁਤੇ ਮਾਮਲਿਆਂ ਵਿੱਚ ਚੋਣ ਪ੍ਰਚਾਰ ਲਈ ਪੋਸਟਰ ਲਾ ਕੇ ਜਾਇਦਾਦਾਂ ਨੂੰ ਖਰਾਬ ਕਰਨ ਦਾ ਦੋਸ਼ ਹੈ। ਦਿੱਲੀ ਵਿੱਚ 70 ਸੀਟਾਂ ਉੱਤੇ ਹੋਣ ਵਾਲੇ ਚੋਣ ਪ੍ਰਚਾਰ ਛੇ ਫਰਵਰੀ ਨੂੰ ਖ਼ਤਮ ਹੋ ਜਾਵੇਗਾ। ਮਤਦਾਨ ਦਿੱਲੀ ਵਿੱਚ 8 ਫਰਵਰੀ ਨੂੰਹੈ ਤੇ ਵੋਟਾਂ ਦੀ ਗਿਣਤੀ 11 ਫਰਵਰੀ ਨੂੰ ਹੋਵੇਗੀ।

## ਪਤਨੀ ਸੁੰਦਰ ਸੀ, ਪਤੀ ਨੇ ਵਾਲ ਕੱਟ ਕੇ ਕਿਹਾ: ਕੋਈ ਵਿਵਾਦ ਨਹੀਂ ਹੋਵੇਗਾ

ਮੇਰਠ, 5 ਫਰਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਮੇਰਠ ਵਿੱਚ ਸ਼ੱਕ ਕਾਰਨ ਇੱਕ ਪਰਵਾਰ ਦੇ ਟੁੱਟਣ ਦੀ ਨੌਬਤ ਆ ਗਈ। ਸੁੰਦਰ ਹੋਣ ਕਾਰਨ ਪਤਨੀ 'ਤੇ ਉਸ ਦਾ ਪਤੀ ਸ਼ੱਕ ਕਰਦਾ ਸੀ। ਇਸ ਲਈ ਘਰ ਵਿੱਚ ਝਗੜਾ ਰਹਿੰਦਾ ਸੀ। ਫਿਰ ਸ਼ੱਕੀ ਪਤੀ ਨੇ ਪਤਨੀ ਦੇ ਵਾਲ ਕੱਟ ਦਿੱਤੇ ਅਤੇ ਕਿਹਾ ਕਿ ਨਾ ਵਾਲ ਹੋਣਗੇ ਅਤੇ ਨਾ ਸੁੰਦਰ ਦਿਸੇਗੀ। ਪਤਨੀ ਨੇ ਇਸ ਮਾਮਲੇ ਵਿੱਚ ਪਤੀ ਦੇ ਖਿਲਾਫ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

ਇਹ ਘਟਨਾ ਮੇਰਠ ਮਹਾਨਗਰ ਦੇ ਥਾਣਾ ਲਿਸਾੜੀ ਗੇਟ ਦੀ ਹੈ। ਥਾਣੇ ਪਹੁੰਚੀ ਮਹਿਲਾ ਰੋਸ਼ੀ ਨੇ ਪੁਲਸ ਨੂੰ ਦੱਸਿਆ ਕਿ ਉਹ ਇਤਫਾਕ ਨਗਰ ਦੀ ਰਹਿਣ ਵਾਲੀ ਹੈ। ਚਾਰ ਸਾਲ ਪਹਿਲਾਂ ਉਸ ਦਾ ਵਿਆਹ ਇਤਫਾਕ ਨਗਰ ਦੇ ਆਰਿਫ ਨਾਲ ਹੋਇਆ ਸੀ। ਦੋਸ਼ ਹੈ ਕਿ ਵਿਆਹ ਦੇ ਬਾਅਦ ਤੋਂ ਆਰਿਫ ਉਸ ਨੂੰ ਪ੍ਰੇਸ਼ਾਨ ਕਰਦਾ ਤੇ ਕਹਿੰਦਾ ਸੀ ਕਿ ਉਹ ਖੂਬਸੂਰਤ ਹੈ ਉਸ ਨੂੰ ਘਰ ਵਿੱਚ ਰਹਿਣਾ ਹੋਵੇਗਾ। ਪਤੀ ਸ਼ੱਕ ਕਰਦਾ ਸੀ, ਜਿਸ ਬਾਰੇ ਝਗੜਾ ਹੁੰਦਾ ਸੀ। ਦੋਵਾਂ ਵਿਚਾਲੇ ਰੋਜ਼ ਕੁੱਟਮਾਰ ਹੁੰਦੀ ਸੀ। ਮਹਿਲਾ ਦਾ ਦੋਸ਼ ਹੈ ਕਿ ਸ਼ਿਕਾਇਤ ਦੇ ਬਾਅਦ ਵੀ ਸੱਸ-ਸਹੁਰੇ ਨੇ ਸੁਣਵਾਈ ਨਹੀਂ ਕੀਤੀ। ਦੋਸ਼ ਹੈ ਕਿ ਪੰਜ ਦਿਨ ਪਹਿਲਾਂ ਪਤੀ ਨੇ ਝਗੜੇ ਦੇ ਬਾਅਦ ਕਮਰੇ ਵਿੱਚ ਬੰਦ ਕਰ ਦਿੱਤਾ। ਐਤਵਾਰ ਬੁਰੀ ਤਰ੍ਹਾਂ ਕੁੱਟਿਆ ਅਤੇ ਵਾਲ ਕੱਟ ਕੇ ਕਿਹਾ ਕਿ ਵਾਲ ਹੀ ਨਾ ਰਹਿਣਗੇ ਤਾਂ ਖੂਬਸੂਰਤੀ ਖਤਮ ਹੋ ਜਾਏਗੀ। ਬੇਰਹਿਮ ਪਤੀ ਨੇ ਵਾਲ ਕੱਟਣ ਦੇ ਬਾਅਦ ਪਤਨੀ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ। ਪਤਨੀ ਨੇ ਕੱਲ੍ਹ ਥਾਣੇ ਪਹੁੰਚ ਕੇ ਜ਼ੁਲਮ ਦੀ ਕਹਾਣੀ ਦੱਸੀ ਅਤੇ ਕਾਰਵਾਈ ਦੀ ਮੰਗ ਕੀਤੀ।

## ਨਿਰਭੈਆ ਕੇਸ ਵਿਚ ਚਾਰੇ ਦੋਸ਼ੀਆਂ ਕੋਲ ਕਾਨੂੰਨੀ ਬਦਲ ਲਈ ਸਿਰਫ਼ ਇਕ ਹਫ਼ਤੇ ਦਾ ਸਮਾਂ

ਨਵੀਂ ਦਿੱਲੀ, 5 ਫਰਵਰੀ (ਪੋਸਟ ਬਿਊਰੋ)- ਨਿਰਭੈਆ ਕੇਸ ਦੇ ਦੋਸ਼ੀਆਂ ਦੀ ਫਾਂਸੀ ਉੱਤੇ ਰੋਕ ਖ਼ਿਲਾਫ਼ ਕੇਂਦਰ ਸਰਕਾਰ ਦੀ ਪਟੀਸ਼ਨ ਬੁੱਧਵਾਰ ਨੂੰ ਦਿੱਲੀ ਹਾਈ ਕੋਰਟ ਨੇ ਰੱਦ ਕਰ ਦਿੱਤੀ ਹੈ। ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਚਾਰੇ ਦੋਸ਼ੀਆਂ ਖ਼ਿਲਾਫ਼ ਵੱਖਰਾ ਵੱਖਰਾ ਡੈਥ ਵਾਰੰਟ ਨਹੀਂ ਜਾਰੀ ਕੀਤਾ ਜਾ ਸਕਦਾ। ਇਸ ਦੇ ਨਾਲ ਦੋਸ਼ੀਆਂ ਨੂੰ ਹਾਈ ਕੋਰਟ ਨੇ ਇਕ ਹਫਤੇ ਦਾ ਸਮਾਂ ਦਿੱਤਾ ਹੈ ਤਾਂ ਜੋ ਉਹ ਸਾਰੇ ਕਾਨੂੰਨੀ ਦੀ ਵਰਤੋਂ ਕਰ ਸਕਣ। ਇਕ ਹਫ਼ਤੇ ਬਾਅਦ ਡੈਥ ਵਾਰੰਟ ਲਈ ਉਨ੍ਹਾਂ ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ। ਦੂਸਰੇ ਪਾਸੇ ਜਲਦੀ ਫੈਸਲਾ ਦੇਣ ਦੀ ਮੰਗ ਲਈ ਨਿਰਭੈਆ ਦੇ ਪਰਿਵਾਰਕ ਮੈਂਬਰਾਂ ਨੇ ਮੰਗਲਵਾਰ ਦਿੱਲੀ ਹਾਈ ਕੋਰਟ ਵਿਚ ਅਰਜ਼ੀ ਦਿੱਤੀ ਸੀ।



ਨਿਰਭੈਆ ਕੇਸ ਦੇ ਚਾਰੇ ਦੋਸ਼ੀਆਂ ਨੂੰ ਹੇਠਲੀ ਅਦਾਲਤ ਤੋਂ ਬਾਅਦ ਦਿੱਲੀ ਹਾਈ ਕੋਰਟ ਤੇ ਸੁਪਰੀਮ ਕੋਰਟ ਫਾਂਸੀ ਦੀ ਸਜ਼ਾ ਸੁਣਾ ਚੁੱਕੀ ਹੈ। ਵਰਨਣ ਯੋਗ ਹੈ ਕਿ 17 ਜਨਵਰੀ ਨੂੰ ਦੋਸ਼ੀ ਮੁਕੇਸ਼ ਕੁਮਾਰ ਸਿੰਘ, ਪਵਨ ਗੁਪਤਾ, ਵਿਨੈ ਸ਼ਰਮਾ ਤੇ ਅਕਸ਼ੇ ਕੁਮਾਰ ਦੇ ਖ਼ਿਲਾਫ਼ ਇਕ ਫਰਵਰੀ ਲਈ ਦੂਜੀ ਵਾਰ ਡੈਥ ਵਾਰੰਟ ਜਾਰੀ ਹੋਇਆ ਸੀ। ਦੋਸ਼ੀਆਂ ਦੀ ਪਟੀਸ਼ਨ ਉੱਤੇ 31 ਜਨਵਰੀ ਨੂੰ ਡੈਥ ਵਾਰੰਟ ਉੱਤੇ ਅਗਲੇ ਹੁਕਮਾਂ ਤਕ ਰੋਕ ਲਾ ਦਿੱਤੀ ਗਈ ਸੀ। 2 ਫਰਵਰੀ ਨੂੰ ਪਟੀਸ਼ਨ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਸੌਲੀਸੀਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਦੋਸ਼ੀ ਕਾਨੂੰਨ ਦੀ ਦੁਰਵਰਤੋਂ ਕਰ ਰਹੇ ਹਨ।

## ਮੋਦੀ ਨੂੰ ਦੰਗਾ ਕੇਸ ਵਿੱਚ ਕਲੀਨ ਚਿੱਟ ਦੇਣ ਵਿਰੁੱਧ ਪਟੀਸ਼ਨ ਉੱਤੇ ਸੁਣਵਾਈ 14 ਅਪ੍ਰੈਲ ਨੂੰ

ਨਵੀਂ ਦਿੱਲੀ, 5 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਗੁਜਰ-ਾਤ ਦੰਗਾ ਕੇਸ ਵਿੱਚ ਓਦੋਂ ਦੇ ਉਸ ਰਾਜ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਵਿਸ਼ੇਸ਼ ਜਾਂਚ ਟੀਮ ਵੱਲੋਂ ਕਲੀਨ ਚਿੱਟ ਦੇਣ ਦੇ ਵਿਰੁੱਧ ਮਰਹੂਮ ਪਾਰਲੀਮੈਂਟ ਮੈਂਬਰ ਅਹਿਸਾਨ ਜਾਫਰੀ ਦੀ ਪਤਨੀ ਜ਼ਕੀਆ ਜਾਫਰੀ ਦੀ ਪਟੀਸ਼ਨ 'ਤੇ ਸੁਣਵਾਈ ਲਈ 14 ਅਪਰੈਲ ਦੀ ਤਰੀਕ ਮਿੱਥੀ ਹੈ। ਅਦਾਲਤ ਨੇ ਟਿੱਪਣੀ ਕੀਤੀ ਕਿ ਇਸ ਕੇਸ ਦੀ ਸੁਣਵਾਈ ਕਈ ਵਾਰ ਟਲ ਚੁੱਕੀ ਹੈ ਅਤੇ ਕਦੇ ਨਾ ਕਦੇ ਤਾਂ ਇਸ 'ਤੇ ਸੁਣਵਾਈ ਕਰਨੀ ਹੀ ਪਵੇਗੀ। ਜਸਟਿਸ ਏ ਐੱਮ ਖਾਨਵਿਲਕਰ ਅਤੇ ਜਸਟਿਸ ਦਿਨੇਸ਼ ਮਹੇਸ਼ਵਰੀ ਦੇ ਬੈਂਚ ਨੇ ਕੇਸ ਦੀ ਸੁਣਵਾਈ ਅਪ੍ਰੈਲ ਲਈ ਟਾਲ ਦਿੱਤੀ ਹੈ। ਇਸ ਤੋਂ ਪਹਿਲਾਂ ਜ਼ਕੀਆ ਦੀ ਵਕੀਲ ਨੇ ਮਾਮਲੇ ਦੀ ਸੁਣਵਾਈ ਟਾਲਣ ਅਤੇ ਹੋਲੀ ਦੀਆਂ ਛੁੱਟੀਆਂ ਮਗਰੋਂ ਇਸ 'ਤੇ ਸੁਣਵਾਈ ਕਰਨ ਦੀ ਬੇਨਤੀ ਕੀਤੀ ਸੀ। ਜ਼ਕੀਆ ਦੀ ਵਕੀਲ ਅਪਰਨਾ ਭੱਟ ਨੇ ਅਦਾਲਤ ਨੂੰ ਕਿਹਾ ਕਿ ਇਸ ਕੇਸ ਦਾ ਮੁੱਦਾ ਵਿਵਾਦ ਪੂਰਨ ਹੈ। ਇਸ 'ਤੇ ਬੈਂਚ ਨੇ ਕਿਹਾ, ਇਸ 'ਤੇ ਸੁਣਵਾਈ ਕਈ ਵਾਰ ਟਲ ਚੁੱਕੀ ਹੈ, ਇੱਕ ਤਰੀਕ ਲਓ ਤੇ ਇਹ ਯਕੀਨੀ ਕਰੋ ਕਿ ਸਾਰੇ ਮੌਜੂਦ ਹੋਣ। ਉਨ੍ਹਾਂ ਕਿਹਾ ਕਿ ਸੀਨੀਅਰ ਵਕੀਲ ਕਪਿਲ ਸਿੱਬਲ ਜਾਫਰੀ ਵੱਲੋਂ ਬਹਿਸ ਕਰਨਗੇ।

## ਫੁੱਲ ਵੇਚਣ ਵਾਲੇ ਦੀ ਪਤਨੀ ਦੇ ਖਾਤੇ ਵਿੱਚ 30 ਕਰੋੜ ਰੁਪਏ ਆ ਗਏ

ਬੰਗਲੂਰੂ, 5 ਫਰਵਰੀ (ਪੋਸਟ ਬਿਊਰੋ)- ਜਦੋਂ ਕਿਸੇ ਦੀ ਕਿਸਮਤ ਬਦਲਦੀ ਹੈ ਤਾਂ ਸਮਾਂ ਨਹੀਂ ਲਗਾਉਂਦੀ। ਕਰਨਾਟਕ ਦੇ ਚੰਨਾਪਟਨਾ ਕਸਬੇ ਵਿਚ ਰਹਿਣ ਵਾਲੇ ਸਾਈਦ ਮਲਿਕ ਬੁਰਹਾਨ ਦੀ ਪਤਨੀ ਦੇ ਖਾਤੇ ਵਿਚ ਇਕੋ ਵਾਰ 30 ਕਰੋੜ ਰੁਪਏ ਆ ਗਏ, ਜਿਸ ਕਾਰਨ ਉਹ ਕਾਫੀ ਹੈਰਾਨ ਹੋਏ ਹਨ। ਉਨ੍ਹਾਂ ਕੋਲ ਸਿਰਫ ਇਕੋ ਸਵਾਲ ਹੈ ਕਿ ਆਖਰ ਇੰਨੇ ਪੈਸੇ ਉਸ ਦੀ ਪਤਨੀ ਦੇ ਖਾਤੇ ਵਿੱਚ ਕਿਵੇਂ ਆਏ।



ਪਤਾ ਲੱਗਾ ਹੈ ਕਿ ਸਾਈਦ ਮਲਿਕ ਦੀ ਪਤਨੀ ਦੇ ਖਾਤੇ ਵਿਚ 30 ਕਰੋੜ ਰੁਪਏ ਉਸ ਵੇਲੇ ਆਏ, ਜਦੋਂ ਉਸ ਦੀ ਪਤਨੀ ਨੂੰ ਸਿਹਤ ਸਹੂਲਤਾਂ ਨੂੰ ਪੂਰਾ ਕਰਨ ਲਈ ਆਰਥਿਕ ਔਖ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਬੈਂਕ ਅਧਿਕਾਰੀ ਦੋ ਦਸੰਬਰ ਨੂੰ ਉਨ੍ਹਾਂ ਦੇ ਘਰ ਆਏ ਤੇ ਕਿਹਾ ਕਿ ਉਨ੍ਹਾਂ ਦੇ ਖਾਤੇ ਵਿੱਚ ਇੰਨੇ ਰੁਪਏ ਕਿਸ ਤਰ੍ਹਾਂ ਆਏ। ਬੁਰਹਾਨ ਨੇ ਕਿਹਾ ਕਿ ਬੈਂਕ ਅਧਿਕਾਰੀਆਂ ਨੇ ਉਨ੍ਹਾਂ ਕੋਲੋਂ ਕੁਝ ਦਸਤਾਵੇਜ਼ਾਂ ਉਤੇ ਦਸਖਤ ਕਰਾਉਣ ਦੀ ਗੱਲ ਆਖੀ, ਪਰ ਉਨ੍ਹਾਂ ਨੇ ਦਸਖਤ ਨਹੀਂ ਕੀਤੇ। ਬੁਰਹਾਨ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਇਕ ਆਨਲਾਈਨ ਪੋਰਟਲ ਦੇ ਜਰੀਏ ਸਾੜੀ ਖਰੀਦੀ ਸੀ, ਜਿਸ ਪਿੱਛੋਂ ਕਾਰ ਜਿੱਤਣ ਦੇ ਕਾਰਨ ਉਨ੍ਹਾਂ ਤੋਂ ਬੈਂਕ ਦਾ ਬਿਊਰਾ ਮੰਗਿਆ ਸੀ। ਇਸ ਤੋਂ ਬਾਅਦ ਉਹ ਕਾਫੀ ਭਟਕੇ ਕਿ ਉਨ੍ਹਾਂ ਕੋਲ ਪੈਸੇ ਕਿਵੇਂ ਆਉਣਗੇ। ਖਾਤੇ ਵਿੱਚ 60 ਰੁਪਏ ਸਨ, ਪਰ ਅਚਾਨਕ ਇੰਨੇ ਪੈਸੇ ਖਾਤੇ ਵਿਚ ਆਉਣ ਉਤੇ ਉਹ ਵੀ ਹੈਰਾਨ ਹੈ।

ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਜਾਅਲਸਾਜ਼ੀ ਅਤੇ ਠੱਗੀ ਦਾ ਕੇਸ ਦਰਜ ਕੀਤਾ ਹੈ। ਪੁਲਿਸ ਨੇ ਇਹ ਵੀ ਕਿਹਾ ਹੈ ਕਿ ਬੁਰਹਾਨ ਨੇ ਕਈ ਵਾਰ ਲੈਣ ਦੇਣ ਕੀਤੇ ਹਨ, ਜਿਸ ਬਾਰੇ ਉਸ ਨੂੰ ਨਹੀਂ ਪਤਾ। ਪੁਲਿਸ ਅਧਿਕਾਰੀ ਕੇਸ ਦੀ ਜਾਂਚ ਕਰ ਰਹੇ ਹਨ ਤੇ ਉਨ੍ਹਾਂ ਨੇ ਮੁਲਜ਼ਮਾਂ ਨੂੰ ਜਲਦ ਕਾਬੂ ਕਰਨ ਦਾ ਦਾਅਵਾ ਕੀਤਾ ਹੈ।

## ਚਿਨਮਯਾਨੰਦ ਮਾਮਲੇ ਵਿਚ ਕਿਸ ਨੇ ਕਿਸ ਦਾ ਸ਼ੋਸ਼ਣ ਕੀਤਾ, ਕਹਿਣਾ ਔਖੈ: ਇਲਾਹਾਬਾਦ ਹਾਈ ਕੋਰਟ

ਪ੍ਰਯਾਗਰਾਜ, 5 ਫਰਵਰੀ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਨੇ ਸਵਾਮੀ ਚਿਨਮਯਾਨੰਦ ਕੇਸ ਵਿੱਚ ਕਿਹਾ ਹੈ ਕਿ ਦੋਵਾਂ ਧਿਰਾਂ ਚਿਨਮਯਾਨੰਦ ਤੇ ਪੀੜਤ ਵਿਦਿਆਰਥਣ ਨੇ ਆਪੋ-ਆਪਣੀ ਹੱਦ ਟੱਪੀ ਹੈ, ਇਸ ਲਈ ਫੈਸਲਾ ਕਰਨਾ ਬਹੁਤ ਔਖਾ ਹੈ ਕਿ ਕਿਸ ਨੇ ਕਿਸ ਦਾ ਸ਼ੋਸ਼ਣ ਕੀਤਾ ਹੈ। ਦੋਵਾਂ ਨੇ ਇੱਕ ਦੂਜੇ ਦੀ ਵਰਤੋਂ ਕੀਤੀ ਹੈ।

ਜਸਟਿਸ ਰਾਹੁਲ ਚਤੁਰਵੇਦੀ ਨੇ ਵਿਦਿਆਰਥਣ ਦੇ ਸੈਕਸ ਸ਼ੋਸ਼ਣ ਕੇਸ ਵਿੱਚ ਇੱਕ ਦਿਨ ਪਹਿਲਾਂ ਚਿਨਮਯਾਨੰਦ ਨੂੰ ਸ਼ਰਤਾਂ ਸਮੇਤ ਜ਼ਮਾਨਤ ਦਿੱਤੀ ਸੀ। ਸ਼ਿਕਾਇਤ ਕਰਤਾ ਵਕੀਲਾਂ ਦੀ ਦਲੀਲ ਸੁਣਨ ਪਿੱਛੋਂ ਜੱਜ ਨੇ 16 ਨਵੰਬਰ 2019 ਨੂੰ ਚਿਨਮਯਾਨੰਦ ਦੀ ਜ਼ਮਾਨਤ ਦਾ ਫੈਸਲਾ ਰਾਖਵਾਂ ਰੱਖਿਆ ਸੀ। ਅਦਾਲਤ ਨੇ ਕਿਹਾ ਕਿ ਫਿਰੌਤੀ ਕੇਸ ਵਿੱਚ ਵਿਦਿਆਰਥਣ ਦੀ ਜ਼ਮਾਨਤ ਪ੍ਰਵਾਨ ਕਰਨ ਤੋਂ ਨਾਂਹ ਕਰਨ ਦਾ ਕੋਈ ਢੁੱਕਵਾਂ ਕਾਰਨ ਨਹੀਂ ਬਣਦਾ। ਇਹ ਨਜ਼ਰ ਆ ਰਿਹਾ ਹੈ ਕਿ ਪੀੜਤ ਵਿਦਿਆਰਥਣ ਦੇ ਪਰਵਾਰਕ ਮੈਂਬਰਾਂ ਨੂੰ ਦੋਸ਼ੀ ਦੇ ਖੁੱਲ੍ਹੇ ਵਿਹਾਰ ਦਾ ਲਾਭ ਹੋਇਆ। ਇਥੇ ਕੋਈ ਅਜਿਹੀ ਗੱਲ ਰਿਕਾਰਡ ਵਿੱਚ ਨਹੀਂ ਹੈ, ਜਿਸ ਤੋਂ ਸਾਬਤ ਹੋਵੇ ਕਿ ਵਿਦਿਆਰਥਣ ਨੂੰ ਤੰਗ ਪ੍ਰੇਸ਼ਾਨ ਕਰਨ ਵੇਲੇ ਉਸ ਨੇ ਆਪਣੇ ਪਰਵਾਰਕ ਮੈਂਬਰਾਂ ਕੋਲ ਇਸ ਦਾ ਕੋਈ ਜ਼ਿਕਰ ਕੀਤਾ ਹੋਵੇ। ਅਦਾਲਤ ਇਸ ਸਿੱਟੇ 'ਤੇ ਪੁੱਜੀ ਹੈ ਕਿ ਮਾਮਲਾ ਪੂਰੀ ਤਰ੍ਹਾਂ ਕਿਸੇ ਲਾਭ ਦੇ ਬਦਲੇ ਕੁਝ ਕੰਮ ਕਰਨ ਦਾ ਹੈ। ਉਂਜ ਇਲਾਹਾਬਾਦ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਦੇ ਬਾਵਜੂਦ ਚਿਨਮਯਾਨੰਦ ਕੱਲ੍ਹ ਤੱਕ ਰਿਹਾਅ ਨਹੀਂ ਹੋਇਆ, ਪਰ ਉਸ ਵੱਲੋਂ ਚਲਾਏ ਜਾਂਦੇ ਕਾਲਜ ਵਿੱਚ ਮਠਿਆਈਆਂ ਵੰਡੀਆਂ ਗਈਆਂ।



# ਅਮਰੀਕਾ ਨੇ ਐਟਮੀ ਭੰਡਾਰ 'ਚ ਨਵਾਂ ਹਥਿਆਰ ਸ਼ਾਮਲ ਕੀਤਾ



ਵਾਸ਼ਿੰਗਟਨ, 5 ਫਰਵਰੀ (ਪੋਸਟ ਬਿਊਰੋ)- ਈਰਾਨ ਨਾਲ ਵਧੇ ਤਣਾਅ ਦੌਰਾਨ ਅਮਰੀਕਾ ਨੇ ਆਪਣੇ ਐਟਮੀ ਭੰਡਾਰ 'ਚ ਇੱਕ ਨਵਾਂ ਹਥਿਆਰ ਸ਼ਾਮਲ ਕੀਤਾ ਹੈ। ਘੱਟ ਸਮਰੱਥਾ ਵਾਲੇ ਡਬਲਯੂ 76-2 ਨਾਮਕ ਐਟਮੀ ਬੰਬ ਨੂੰ ਲੰਬੀ ਦੂਰੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਨਾਲ ਪਣਡੁੱਬੀਆਂ 'ਤੇ ਤਾਇਨਾਤ ਕੀਤਾ ਗਿਆ ਹੈ।

ਅਮਰੀਕਾ ਦੇ ਰਣਨੀਤਕ ਐਟਮੀ ਭੰਡਾਰ ਵਿੱਚ ਪਿਛਲੇ ਕਈ ਦਹਾਕਿਆਂ ਵਿੱਚ ਸ਼ਾਮਲ ਕੀਤਾ ਗਿਆ ਇਹ ਪਹਿਲਾ ਹਥਿਆਰ ਹੈ। ਇਸ ਨੂੰ ਦੁਨੀਆ ਨੂੰ ਐਟਮੀ ਹਥਿਆਰਾਂ ਤੋਂ ਮੁਕਤ ਕਰਨ ਲਈ ਘਾਤਕ ਹਥਿਆਰਾਂ 'ਤੇ ਨਿਰਭਰਤਾ ਘੱਟ ਕਰਨ ਦੀ ਓਬਾਮਾ ਪ੍ਰਸ਼ਾਸਨ ਦੀ ਨੀਤੀ ਨੂੰ ਵਿਦਾਈ ਮੰਨਿਆ ਜਾ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਐਟਮੀ ਹਥਿਆਰਾਂ 'ਚ ਰੁਚੀ ਦੇ ਕਾਰਨ ਡਬਲਯੂ 76-2 ਦੀ ਤਾਇਨਾਤੀ ਕੀਤੀ ਗਈ ਹੈ। ਨਵੇਂ ਹਥਿਆਰ ਦੀ ਤਾਇਨਾਤੀ ਦੀ ਪੁਸ਼ਟੀ ਕਰਦੇ ਹੋਏ ਅਮਰੀਕੀ ਰੱਖਿਆ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਨਾਲ ਅਮਰੀਕੀ ਨਾਗਰਿਕ ਵੱਧ ਸੁਰੱਖਿਅਤ ਹੋਣਗੇ ਕਿਉਂਕਿ ਇਸ ਨਾਲ ਐਟਮੀ ਯੁੱਧ ਦੀ ਸ਼ੰਕਾ ਘੱਟ ਹੋਵੇਗੀ, ਪ੍ਰੰਤੂ ਕੁਝ ਵਿਰੋਧੀ ਡੈਮੋਕ੍ਰੇਟਿਕ ਕਹਿੰਦੇ ਹਨ ਕਿ ਇਸ ਨਾਲ ਯੁੱਧ ਦਾ ਖ਼ਤਰਾ ਵੱਧ ਸਕਦਾ ਹੈ। ਸੂਤਰਾਂ ਅਨੁਸਾਰ ਪਿਛਲੇ ਦਸੰਬਰ ਦੇ ਅੰਤਿਮ ਹਫ਼ਤੇ ਵਿੱਚ ਐਟਲਾਂਟਿਕ ਮਹਾਸਾਗਰ ਵਿੱਚ ਯੂ ਐਸ ਐਸ ਟੈਨੇਸੀ ਤੋਂ ਇਸ ਦੀ ਤਾਇਨਾਤੀ ਸ਼ੁਰੂ ਹੋ ਗਈ।

# ਡੋਨਾਲਡ ਟਰੰਪ ਨੇ ਅਫ਼ਗ਼ਾਨਿਸਤਾਨ ਤੋਂ ਆਪਣੇ ਫ਼ੌਜੀ ਵਾਪਸ ਲੈਣ ਦੀ ਗੱਲ ਫਿਰ ਕਹੀ

ਵਾਸ਼ਿੰਗਟਨ, 5 ਫਰਵਰੀ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਫ਼ਗਾਨਿਸਤਾਨ ਤੋਂ ਆਪਣੇ ਫ਼ੌਜੀਆਂ ਨੂੰ ਵਾਪਸ ਬੁਲਾਉਣ ਦੀ ਗੱਲ ਬੁੱਧਵਾਰ ਫਿਰ ਕਹੀ ਹੈ। ਉਨ੍ਹਾਂ ਨੇ ਇਸ ਦੀ ਕੋਈ ਸਮਾਂ ਸੀਮਾ ਨਹੀਂ ਦੱਸੀ। ਟਰੰਪ ਨੇ ਸਾਫ਼ ਕੀਤਾ ਹੈ ਕਿ ਤਾਲਿਬਾਨ ਨਾਲ ਸ਼ਾਂਤੀ ਸਮਝੌਤੇ ਦੇ ਬਾਅਦ ਅਮਰੀਕੀ ਫ਼ੌਜੀ ਅਫ਼ਗਾਨਿਸਤਾਨ ਵਿਚਲੇ ਅੰਦਰੂਨੀ ਮਾਮਲਿਆਂ ਵਿੱਚ ਕਿਸੇ ਤਰ੍ਹਾਂ ਦਾ ਦਖ਼ਲ ਨਹੀਂ ਦੇਣਗੇ।



ਵਰਨਣ ਯੋਗ ਹੈ ਕਿ ਤਾਲਿਬਾਨ ਨਾਲ ਨੌਂ ਦੌਰ ਦੀ ਵਾਰਤਾ ਤੋਂ ਬਾਅਦ ਟਰੰਪ ਨੇ ਪਿਛਲੇ ਸਾਲ ਸਤੰਬਰ ਵਿੱਚ ਇਕ ਆਤਮਘਾਤੀ ਹਮਲੇ ਵਿੱਚ ਅਮਰੀਕੀ ਫ਼ੌਜੀ ਦੀ ਮੌਤ ਦੇ ਬਾਅਦ ਗੱਲਬਾਤ ਰੋਕ ਦਿੱਤੀ ਸੀ, ਪਰ ਨਵੰਬਰ ਵਿੱਚ ਉਨ੍ਹਾਂ ਨੇ ਫਿਰ ਗੱਲਬਾਤ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਅਮਰੀਕਾ ਦੀ ਪਾਰਲੀਮੈਂਟ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ, ਅਫਗਾਨਿਸਤਾਨ ਵਿੱਚ ਸਾਡੇ ਫ਼ੌਜੀਆਂ ਦੀਆਂ ਕੋਸ਼ਿਸ਼ਾਂ ਨਾਲ ਇਲਾਕੇ ਵਿਚ ਸਾਡੀ ਸਥਿਤੀ ਮਜ਼ਬੂਤ ਹੈ। ਤਾਲਿਬਾਨ ਨਾਲ ਸ਼ਾਂਤੀ ਵਾਰਤਾ ਚੱਲ ਰਹੀ ਹੈ। ਸਾਡੇ ਫ਼ੌਜੀ ਸਭ ਤੋਂ ਚੰਗੇ ਹਨ। ਉਹ ਜਾਂ ਜਿੱਤਣ ਲਈ ਲੜਦੇ ਹਨ ਜਾਂ ਫਿਰ ਬਿਲਕੁਲ ਨਹੀਂ ਲੜਨਾ ਚਾਹੁੰਦੇ। ਅਸੀਂ ਅਮਰੀਕਾ ਦੀ ਸਭ ਤੋਂ ਲੰਬੀ ਜੰਗ ਖ਼ਤਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ। ਆਪਣੇ ਫ਼ੌਜੀਆਂ ਨੂੰ ਵਾਪਸ ਲਿਆਉਣਾ ਚਾਹੁੰਦੇ ਹਾਂ। ਅਫਗਾਨਿਸਤਾਨ ਵਿੱਚ ਹਾਲੇ ਅਮਰੀਕਾ ਦੇ ਕਰੀਬ 14 ਹਜ਼ਾਰ ਫ਼ੌਜੀ ਹਨ।

ਰਾਸ਼ਟਰਪਤੀ ਟਰੰਪ ਨੇ ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਖ਼ਤਮ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਤਿੰਨ ਸਾਲ ਪਹਿਲਾਂ ਆਈ ਐੱਸ ਦਾ ਇਰਾਕ ਤੇ ਸੀਰੀਆ ਦੇ ਕਰੀਬ 52 ਹਜ਼ਾਰ ਵਰਗ ਕਿਲੋਮੀਟਰ ਖੇਤਰ ਉੱਤੇ ਕਬਜ਼ਾ ਸੀ। ਪਰ ਅੱਜ ਆਈਐੱਸ ਸਰਗਨਾ ਬਗ਼ਦਾਦੀ ਮਾਰਿਆ ਜਾ ਚੁੱਕਿਆ ਹੈ। ਸਾਡੀ ਸਰਕਾਰ ਦੇਸ਼ ਦੀ ਰਾਸ਼ਟਰੀ ਸੁਰੱਖਿਆ ਯਕੀਨੀ ਬਣਾਉਣ ਦੇ ਨਾਲ ਹੀ ਕੱਟੜ ਇਸਲਾਮਿਕ ਅੱਤਵਾਦ ਦਾ ਵੀ ਡਟ ਕੇ ਮੁਕਾਬਲਾ ਕਰ ਰਹੀ ਹੈ।

# ਭਾਰਤੀ ਮੂਲ ਦੇ ਨਕਲੀ ਡਾਕਟਰ ਨੂੰ ਸਹੁਰਾ ਪਰਵਾਰ 'ਤੇ ਹਮਲੇ ਦੇ ਦੋਸ਼ 'ਚ 28 ਸਾਲ ਕੈਦ

ਲੰਡਨ, 5 ਫਰਵਰੀ (ਪੋਸਟ ਬਿਊਰੋ)- ਭਾਰਤੀ ਮੂਲ ਦੇ ਨਕਲੀ ਡਾਕਟਰ ਸੱਤਿਆ ਠਾਕੁਰ ਨੂੰ ਆਪਣੀ ਸੱਸ, ਪਤਨੀ, ਸਾਲਾ ਅਤੇ ਸਾਲੇਹਾਰ ਉੱਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ਾਂ ਹੇਠ 28 ਸਾਲ ਕੈਦ ਦੀ ਸਜ਼ਾ ਹੋ ਹੈ।

ਸਲੋਹ ਦਾ ਵਾਸੀ 35 ਸਾਲਾ ਸੱਤਿਆ ਠਾਕੁਰ ਸੱਤ ਸਾਲ ਆਪਣੀ ਪਤਨੀ ਅਤੇ ਪਰਵਾਰ ਕੋਲ ਇੱਕ ਡਾਕਟਰ ਹੋਣ ਦਾ ਝੂਠ ਬੋਲਦਾ ਰਿਹਾ ਅਤੇ ਜ਼ਿਆਦਾ ਸਮਾਂ ਲਾਇਬ੍ਰੇਰੀ 'ਚ ਮੈਡੀਕਲ ਸਬੰਧੀ ਕਿਤਾਬਾਂ ਪੜ੍ਹਨ ਲਈ ਇਹ ਕਹਿ ਕੇ ਜਾਂਦਾ ਰਿਹਾ ਕਿ ਉਹ ਮਰੀਜ਼ਾਂ ਨੂੰ ਵੇਖਣ ਜਾ ਰਿਹਾ ਹੈ। ਉਸ ਦਾ ਭਾਂਡਾ ਓਦੋਂ ਭੱਜਾ, ਜਦੋਂ ਉਸ ਦੀ ਪਤਨੀ ਨੇ ਛੁੱਟੀਆਂ ਦੇ ਲਈ ਅਮਰੀਕਾ ਜਾਣ ਲਈ ਕਿਹਾ, ਪਰ ਉਸ ਕੋਲ ਪੈਸਾ ਨਹੀਂ ਸੀ। ਇਸ ਮੌਕੇ ਉਸ ਨੇ ਸੱਸ ਨੂੰ ਕਤਲ ਕਰਨ ਬਾਰੇ ਸੋਚਿਆ। 14 ਮਈ 2019 ਨੂੰ ਸੱਤਿਆ ਠਾਕੁਰ ਨੇ ਆਪਣੀ ਸੱਸ ਦੇ ਕਮਰੇ ਵਿੱਚ ਜਾ ਕੇ ਉਸ ਦੇ ਮੂੰਹ 'ਚ ਟਿਸ਼ੂ ਪੇਪਰ ਤੁੰਨ ਕੇ ਅਤੇ ਸਿਰਹਾਣੇ ਨਾਲ ਸਾਹ ਘੁੱਟ ਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ, ਰੌਲਾ ਪੈਣ ਉਤੇ ਠਾਕੁਰ ਦੀ ਪਤਨੀ ਨਿਸ਼ਾ ਮਾਂ ਦੀ ਮਦਦ ਲਈ ਆਈ ਤਾਂ ਉਸ ਨੇ ਨਿਸ਼ਾ ਦੀ ਧੌਣ 'ਚ ਚਾਕੂ ਮਾਰਨ ਦਾ ਕੋਸ਼ਿਸ਼ ਕੀਤੀ। ਇਸ ਝਗੜੇ ਦੌਰਾਨ ਠਾਕੁਰ ਨੇ ਆਪਣੇ ਸਾਲੇ ਪ੍ਰੀਮਲ ਲਕਸ਼ਮਣ ਅਤੇ ਸਾਲੇਹਾਰ ਰੀਸ਼ੀਕਾ ਲਕਸ਼ਮਣ 'ਤੇ ਵੀ ਹਮਲਾ ਕੀਤਾ। ਰੈਡਿੰਗ ਕਰਾਊਨ ਕੋਰਟ 'ਚ 10 ਦਿਨ ਚੱਲੇ ਮੁਕੱਦਮੇ 'ਚ ਸੱਤਿਆ ਠਾਕੁਰ ਨੂੰ ਆਪਣੀ ਸੱਸ, ਪਤਨੀ ਅਤੇ ਸਾਲੇ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ਾਂ ਤਹਿਤ ਅਤੇ ਸਾਲੇਹਾਰ ਰਸ਼ੀਕਾ ਲਕਸ਼ਮਣ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤਹਿਤ 28 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

# ਕਰੋੜਾਂ ਕਮਾਉਣ ਵਾਲਾ ਭਾਰਤ ਵੰਸ਼ੀ ਬੈਂਕਰ ਸੈਂਡਵਿਚ ਚੋਰੀ ਕਰਨ ਉੱਤੇ ਸਸਪੈਂਡ



ਲੰਡਨ, 5 ਫਰਵਰੀ (ਪੋਸਟ ਬਿਊਰੋ)- ਭਾਰਤੀ ਮੂਲ ਦੇ ਬੈਂਕਰ ਪਾਰਸ ਸ਼ਾਹ ਨੂੰ ਦਫਤਰ ਦੀ ਕੰਟੀਨ ਤੋਂ ਸੈਂਡਵਿਚ ਚੋਰੀ ਕਰਨ ਦੇ ਦੋਸ਼ 'ਚ ਸਸਪੈਂਡ ਕਰ ਦਿੱਤਾ ਗਿਆ ਹੈ। 31 ਸਾਲਾ ਪਾਰਸ ਲੰਡਨ ਸਥਿਤ ਸਿਟੀ ਗਰੁੱਪ 'ਚ ਉੱਚ ਅਹੁਦੇ ਉਤੇ ਹੋਣ ਕਾਰਨ ਤਨਖਾਹ ਅਤੇ ਬੋਨਸ ਮਿਲਾ ਕੇ ਉਹ ਸਾਲਾਨਾ ਨੌਂ ਕਰੋੜ ਰੁਪਏ ਤੋਂ ਵੱਧ ਕਮਾਉਂਦੇ ਸਨ।

ਫਾਈਨੈਸ਼ੀਅਲ ਟਾਈਮਜ਼ ਦੀ ਖਬਰ ਅਨੁਸਾਰ ਪਾਰਸ ਉਤੇ ਲੰਡਨ ਦੇ ਕੈਨੇਰੀ ਵਾਰਫ ਦੇ ਸਿਟੀ ਗਰੁੱਪ ਦੇ ਯੂਰਪੀ ਹੈਡਕੁਆਰਟਰ ਦੀ ਕੰਟੀਨ ਤੋਂ ਬਿਨਾਂ ਪੈਸੇ ਦਿੱਤੇ ਸੈਂਡੀਵਿਚ ਚੋਰੀ ਕਰਨ ਦਾ ਦੋਸ਼ ਹੈ। ਪਾਰਸ ਨੇ ਦੋਸ਼ 'ਤੇ ਕੋਈ ਸਫਾਈ ਨਹੀਂ ਦਿੱਤੀ, ਪਰ ਖਬਰ ਹੈ ਕਿ ਉਸ ਨੇ ਯੂਰਪ, ਪੱਛਮੀ ਏਸ਼ੀਆ ਤੇ ਅਫਰੀਕਾ ਦੇ ਸਿਟੀ ਗਰੁੱਪ ਦੇ ਮੁਖੀ ਦਾ ਅਹੁਦਾ ਛੱਡ ਦਿੱਤਾ ਹੈ। ਪਾਰਸ ਸ਼ਾਹ ਦੇ ਲਿੰਕਡਇਨ ਪ੍ਰੋਫਾਈਲ ਮੁਤਾਬਕ ਉਨ੍ਹਾਂ ਨੂੰ ਸਕਿਓਰਿਟੀ, ਟ੍ਰੇਡਿੰਗ ਅਤੇ ਰਿਸਕ ਮੈਨੇਜਮੈਂਟ ਦਾ ਤਜਰਬਾ ਹੈ। ਉਨ੍ਹਾਂ ਨੇ ਮੁੱਢਲੀ ਸਿਖਿਆ ਉੱਤਰ ਲੰਡਨ ਦੇ ਸਕੂਲ ਤੋਂ ਪ੍ਰਾਪਤ ਕੀਤੀ ਤੇ ਸਾਲ 2010 ਵਿੱਚ ਯੂਨੀਵਰਸਿਟੀ ਆਫ ਬਾਥ ਤੋਂ ਇਕਨਾਮਿਕਸ ਵਿੱਚ ਗ੍ਰੈਜੂਏਸ਼ਨ ਕੀਤੀ ਸੀ। ਇਸ ਦੇ ਬਾਅਦ ਐੱਚ ਐੱਸ ਬੀ ਸੀ ਬੈਂਕ ਵਿੱਚ ਫਿਕਸਡ ਇਨਕਮ ਟ੍ਰੇਡਿੰਗ ਡਵੀਜ਼ਨ 'ਚ ਸੱਤ ਸਾਲ ਤੱਕ ਕੰਮ ਕੀਤਾ। 2017 ਵਿੱਚ ਉਨ੍ਹਾਂ ਨੇ ਸਿਟੀ ਗਰੁੱਪ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ। ਪਾਰਸ ਨੂੰ ਸਿਟੀ ਗਰੁੱਪ ਵਿੱਚ ਆਉਣ ਦੇ ਦੋ ਮਹੀਨੇ ਪਿੱਛੋਂ ਯੂਰਪ, ਪੱਛਮੀ ਏਸ਼ੀਆ ਤੇ ਅਫਰੀਕਾ ਵਿੱਚ ਹਾਈ ਯੀਲਡ ਕ੍ਰੈਡਿਟ ਟਰੇਨਿੰਗ ਦਾ ਹੈੱਡ ਬਣਾ ਦਿੱਤਾ ਗਿਆ ਸੀ।

ਪਾਰਸ ਸ਼ਾਹ ਦੇ ਕੁਝ ਸਹਿਯੋਗੀਆਂ ਨੇ ਦੱਸਿਆ ਕਿ ਉਹ ਆਪਣੀ ਨੌਕਰੀ 'ਚ ਬਹੁਤ ਸਫਲ ਸਨ। ਨਿਊ ਯਾਰਕ ਸਥਿਤ ਸਿਟੀ ਗਰੁੱਪ ਹੈੱਡਕੁਆਰਟਰ ਨੇ ਇਸ ਖਬਰ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

# ਅੰਮ੍ਰਿਤਸਰ ਤੋਂ ਰਾਗੀ ਜਥਾ ਜਾਣ ਬਾਰੇ ਪਾਕਿ ਗੁਰਦੁਆਰਾ ਕਮੇਟੀ ਨੇ ਹੁੰਗਾਰਾ ਨਹੀਂ ਭਰਿਆ

ਅੰਮ੍ਰਿਤਸਰ, 5 ਫਰਵਰੀ (ਪੋਸਟ ਬਿਊਰੋ)- ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕਰਨ ਦੇ ਲਈ ਅਜੇ ਤੱਕ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ ਜੀ ਪੀ ਸੀ) ਨੇ ਕੋਈ ਹੁੰਗਾਰਾ ਨਹੀਂ ਭਰਿਆ। ਵਰਨਣ ਯੋਗ ਹੈ ਕਿ ਗੁਰਦੁਆਰਾ ਕਰਤਾਰਪੁਰ ਦਾ ਲਾਂਘਾ ਸ਼ੁਰੂ ਹੋਣ ਪਿੱਛੋਂ ਸ਼੍ਰੋਮਣੀ ਕਮੇਟੀ ਨੇ ਹਜ਼ੂਰੀ ਰਾਗੀ ਜਥੇ ਨੂੰ ਉਥੇ ਕੀਰਤਨ ਦੀ ਸੇਵਾ ਲਈ ਭੇਜਣਾ ਸ਼ੁਰੂ ਕੀਤਾ ਸੀ, ਪਰ ਕੁਝ ਦਿਨਾਂ ਮਗਰੋਂ ਉਧਰ ਵਾਲੇ ਪ੍ਰਬੰਧਕਾਂ ਨੇ ਇਨ੍ਹਾਂ ਰਾਗੀ ਜਥਿਆਂ ਨੂੰ ਗੁਰਦੁਆਰਾ ਕਰਤਾਰਪੁਰ ਵਿਖੇ ਕੀਰਤਨ ਕਰਨ ਤੋਂ ਰੋਕ ਦਿੱਤਾ ਸੀ, ਜਿਸ ਤੋਂ ਬਾਅਦ ਇਨ੍ਹਾਂ ਦੀ ਕੀਰਤਨ ਦੀ ਸੇਵਾ ਬੰਦ ਹੋ ਗਈ ਹੈ, ਜੋ ਅਜੇ ਬਹਾਲ ਨਹੀਂ ਹੋਈ। ਇਸ ਬਾਰੇ ਸ਼੍ਰੋਮਣੀ ਕਮੇਟੀ ਨੇ ਪੀ ਜੀ ਪੀ ਸੀ ਦੇ ਪ੍ਰਧਾਨ ਸਤਵੰਤ ਸਿੰਘ ਤੇ ਹੋਰਨਾਂ ਨੂੰ ਰਸਮੀ ਪੱਤਰ ਭੇਜ ਕੇ ਰਾਗੀ ਜਥਿਆਂ ਨੂੰ ਕੀਰਤਨ ਦੀ ਸੇਵਾ ਕਰਨ ਦਾ ਮੌਕਾ ਦੇਣ ਦੀ ਅਪੀਲ ਕੀਤੀ ਸੀ, ਪਰ ਇਸ ਦੇ ਇੱਕ ਮਹੀਨਾ ਬੀਤਣ ਪਿੱਛੋਂ ਵੀ ਕੋਈ ਹੁੰਗਾਰਾ ਨਹੀਂ ਆਇਆ।

# ਅੱਤਵਾਦ ਕਾਰਨ ਅਮਰੀਕੀਆਂ ਨੂੰ ਪਾਕਿ ਨਾ ਜਾਣ ਦੀ ਸਲਾਹ



ਵਾਸ਼ਿੰਗਟਨ, 5 ਫਰਵਰੀ (ਪੋਸਟ ਬਿਊਰੋ)- ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਅੱਤਵਾਦ ਕਾਰਨ ਪਾਕਿਸਤਾਨ ਯਾਤਰਾ 'ਤੇ ਮੁੜ ਵਿਚਾਰ ਕਰਨ ਦੀ ਸਲਾਹ ਦਿੱਤੀ ਹੈ। ਇਸ ਦੇ ਨਾਲ ਹੀ ਅਮਰੀਕਾ ਨੇ ਅੱਤਵਾਦੀ ਸਮੂਹਾਂ ਦੀ ਸਰਗਰਮੀ ਵਾਲੇ ਬਲੋਚਿਸਤਨ ਅਤੇ ਖ਼ੈਬਰ ਪਖਤੂਨਖਵਾ ਸੂਬੇ ਅਤੇ ਕੰਟਰੋਲ ਰੇਖਾ ਦੇ ਨੇੜਲੇ ਇਲਾਕਿਆਂ ਲਈ ਉਚਤਮ ਪੱਧਰ (ਲੈਵਲ-4) ਦੀ ਯਾਤਰਾ ਦੇ ਖਿਲਾਫ ਚਿਤਾਵਨੀ ਜਾਰੀ ਕੀਤੀ ਹੈ।

ਇਸ ਸੰਬੰਧ ਵਿੱਚ ਅਮਰੀਕੀ ਵਿਦੇਸ਼ ਵਿਭਾਗ ਵੱਲੋਂ 31 ਜਨਵਰੀ ਨੂੰ ਜਾਰੀ ਯਾਤਰਾ ਐਡਵਾਈਜ਼ਰੀ ਵਿੱਚ ਕਿਹਾ ਗਿਆ ਹੈ ਕਿ ਵੱਡੀ ਗਿਣਤੀ ਵਿੱਚ ਹਮਲਿਆਂ ਕਾਰਨ ਕਈ ਲੋਕਾਂ ਦੀ ਜਾਨ ਜਾ ਚੁੱਕੀ ਹੈ ਅਤੇ ਸਮੁੱਚੇ ਪਾਕਿਸਤਾਨ ਵਿੱਚ ਹੀ ਅੱਤਵਾਦੀ ਹਮਲੇ ਹੁੰਦੇ ਰਹਿੰਦੇ ਹਨ। ਪਾਕਿਸਤਾਨ 'ਚ ਸੁਰੱਖਿਅਤ ਵਾਤਾਵਰਨ ਦਾ ਹੋਣ ਕਾਰਨ ਅਮਰੀਕੀ ਨਾਗਰਿਕਾਂ ਨੂੰ ਹੰਗਾਮੀ ਸੇਵਾਵਾਂ ਪੁਚਾਉਣ ਦੀਆਂ ਸਰਕਾਰ ਦੀਆਂ ਸਮਰੱਥਾਵਾਂ ਵੀ ਸੀਮਤ ਹਨ। ਯਾਤਰਾ ਐਡਵਾਈਜ਼ਰੀ ਮੁਤਾਬਕ ਅੱਤਵਾਦ ਕਾਰਨ ਅਮਰੀਕਾ ਦੇ ਨਾਗਰਿਕ ਪਾਕਿਸਤਾਨ ਯਾਤਰਾ ਬਾਰੇ ਮੁੜ ਵਿਚਾਰ ਕਰਨ। ਕੁਝ ਇਲਾਕਿਆਂ ਵਿੱਚ ਖ਼ਤਰਾ ਜ਼ਿਆਦਾ ਹੈ। ਅੱਤਵਾਦ ਤੇ ਅਗਵਾ ਕਾਰਨ ਅਮਰੀਕੀ ਨਾਗਰਿਕ ਬਲੋਚਿਸਤਾਨ ਅਤੇ ਖ਼ੈਬਰ ਪਖਤੂਨਖਵਾ ਸੂਬੇ ਦੀ ਯਾਤਰਾ ਨਾ ਕਰਨ, ਇਨ੍ਹਾਂ ਵਿੱਚ ਸਾਬਕਾ ਕੇਂਦਰੀ ਸ਼ਾਸਿਤ ਆਦਿਵਾਸੀ ਇਲਾਕਾ (ਐਫ ਏ ਟੀ ਏ) ਸ਼ਾਮਲ ਹੈ। ਅੱਤਵਾਦ ਅਤੇ ਸੰਭਾਵਿਤ ਹਥਿਆਰਬੰਦ ਝੜਪਾਂ ਕਾਰਨ ਕੰਟਰੋਲ ਰੇਖਾ ਨੇੜੇ ਵੀ ਜਾਣ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਕੰਟਰੋਲ ਰੇਖਾ 'ਤੇ ਸਮੇਂ-ਸਮੇਂ ਫ਼ਾਇਰਿੰਗ ਅਤੇ ਗੋਲ਼ਬਾਰੀ ਕਰਦੀਆਂ ਰਹਿੰਦੀਆਂ ਹਨ। ਭਾਰਤ-ਪਾਕਿਸਤਾਨ ਸਰਹੱਦ 'ਤੇ ਅਜਿਹੇ ਨਾਗਰਿਕਾਂ ਦੇ ਆਉਣ-ਜਾਣ ਲਈ ਪੰਜਾਬ ਸੂਬੇ ਵਿੱਚ ਸਿਰਫ਼ ਇੱਕ ਅਧਿਕਾਰਤ ਸਥਾਨ ਹੈ ਵਾਹਗਾ (ਪਾਕਿਸਤਾਨ) ਅਤੇ ਅਟਾਰੀ (ਭਾਰਤ)। ਇਸ ਬਾਰੇ ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਸਰਹੱਦ ਪਾਰ ਕਰਨ ਬਾਰੇ ਸਥਿਤੀ ਪਤਾ ਕਰ ਲੈਣ।

# 10 ਵਿੱਚੋਂ ਇੱਕ ਭਾਰਤੀ ਨੂੰ ਜ਼ਿੰਦਗੀ ਵਿੱਚ ਕੈਂਸਰ ਹੋ ਸਕਦੈ

ਯੂ ਐਨ ਓ, 5 ਫਰਵਰੀ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਿਊ ਯੂ ਐਚ ਓ) ਅਨੁਸਾਰ ਭਾਰਤ ਵਿੱਚ ਸਾਲ 2018 ਦੌਰਾਨ 11.60 ਲੱਖ ਕੈਂਸਰ ਦੇ ਨਵੇਂ ਮਰੀਜ਼ ਪਤਾ ਲੱਗੇ ਹਨ। ਡਬਲਿਊ ਯੂ ਐਚ ਓ ਅਨੁਸਾਰ ਭਾਰਤ ਵਿੱਚ 10 ਵਿੱਚੋਂ ਇੱਕ ਜਣੇ ਨੂੰ ਜ਼ਿੰਦਗੀ 'ਚ ਕੈਂਸਰ ਹੋ ਸਕਦਾ ਹੈ ਤੇ 15 ਵਿੱਚੋਂ ਇੱਕ ਦੀ ਮੌਤ ਹੋ ਸਕਦੀ ਹੈ। ਇਸ ਸੰਬੰਧ ਵਿੱਚ ਵਿਸ਼ਵ ਕੈਂਸਰ ਦਿਵਸ ਮੌਕੇ ਜਾਰੀ ਦੋ ਰਿਪੋਰਟਾਂ ਵਿੱਚੋਂ ਪਹਿਲੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਂਸਰ ਵਰਗੀ ਬਿਮਾਰੀ ਲਈ ਗਲੋਬਲ ਏਜੰਡਾ ਤਿਆਰ ਕੀਤਾ ਜਾਣਾ ਚਾਹੀਦਾ ਹੈ। ਦੂਜੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਬਿਮਾਰੀ ਦੀ ਰੋਕਥਾਮ ਲਈ ਨਵੀਆਂ ਖੋਜਾਂ ਕੀਤੀਆਂ ਜਾਣ। ਪਹਿਲੀ ਰਿਪੋਰਟ ਮੁਤਾਬਕ 2018 'ਚ ਭਾਰਤ ਵਿੱਚ ਕੈਂਸਰ ਨਾਲ 7,84,000 ਮੌਤਾਂ ਹੋਈਆਂ ਅਤੇ ਪਿਛਲੇ ਪੰਜ ਸਾਲਾਂ ਦੌਰਾਨ 22.60 ਲੱਖ ਕੈਂਸਰ ਦੇ ਨਵੇਂ ਮਰੀਜ਼ ਮਿਲੇ ਸਨ। ਭਾਰਤ ਵਿੱਚ ਸਭ ਤੋਂ ਵੱਧ ਬ੍ਰੈਸਟ ਕੈਂਸਰ ਦੇ ਮਰੀਜ਼ ਮਿਲੇ ਜਿਨ੍ਹਾਂ ਦੀ ਗਿਣਤੀ 1,62,500 ਸੀ। ਭਾਰਤ 'ਚ ਮਿਲੇ ਕੈਂਸਰ ਦੇ ਮਰੀਜ਼ਾਂ ਵਿੱਚੋਂ ਬਹੁਤਿਆਂ ਨੂੰ ਤੰਬਾਕੂ ਨਾਲ ਸਬੰਧਤ ਮੂੰਹ ਤੇ ਗਲੇ ਦਾ ਕੈਂਸਰ ਸੀ। ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਵਿੱਚ ਕੈਂਸਰ ਵਰਗੀ ਬਿਮਾਰੀ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਅਗਲੇ 20 ਸਾਲਾਂ ਦੌਰਾਨ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ 60 ਫ਼ੀਸਦੀ ਵੱਧ ਜਾਏਗੀ। ਰਿਪੋਰਟ 'ਚ ਕਿਹਾ ਗਿਆ ਹੈ ਕਿ 80 ਫ਼ੀਸਦੀ ਸਿਗਰਟਨੋਸ਼ੀ ਵਾਲੇ ਲੋਕ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਦੇ ਹਨ।

# ਚਾਰ ਸਾਲ ਤੋਂ ਗਲੇ ਵਿੱਚ ਫਸੇ ਟਾਇਰ ਤੋਂ ਮਗਰਮੱਛ ਪ੍ਰੇਸ਼ਾਨ

ਜਕਾਰਤਾ, 5 ਫਰਵਰੀ (ਪੋਸਟ ਬਿਊਰੋ)- ਇੰਡੋਨੇਸ਼ੀਆ 'ਚ ਇੱਕ ਅਨੋਖੀ ਘਟਨਾ ਪਤਾ ਲੱਗੀ ਹੈ। ਇਥੇ ਇੱਕ ਮਗਰਮੱਛ ਨੂੰ ਦੇਖਿਆ ਗਿਆ ਹੈ, ਜਿਸ ਦੇ ਗਲੇ ਵਿੱਚ ਮੋਟਰ ਸਾਈਕਲ ਦਾ ਇੱਕ ਟਾਇਰ ਫਸਿਆ ਹੋਇਆ ਹੈ। ਇਸ ਟਾਇਰ ਨੂੰ ਉਸ ਦੇ ਗਲੇ 'ਚੋਂ ਕੱਢਣ ਵਾਲੇ ਨੂੰ ਇਨਾਮ ਦੇਣ ਦਾ ਐਲਾਨ ਹੋਇਆ ਹੈ। ਦੇਸ਼ ਦੀ ਸਰਕਾਰੀ ਨਿਊਜ਼ ਏਜੰਸੀ ਅੰਤਰ ਮੁਤਾਬਕ 13 ਫੁੱਟ ਲੰਮੇ ਇਸ ਮਗਰਮੱਛ ਦੇ ਗਲੇ ਵਿੱਚ ਇਹ ਟਾਇਰ 2016 ਤੋਂ ਫਸਿਆ ਹੈ।



ਸੈਂਟਰਲ ਸੁਲਾਵੇਸੀ ਸੂਬੇ ਵਿੱਚ ਪਾਲੂ ਨਦੀ ਵਿੱਚ ਮਗਰਮੱਛ ਨੂੰ ਸਭ ਤੋਂ ਪਹਿਲਾਂ 2016 ਵਿੱਚ ਟਾਇਰ ਦੇ ਨਾਲ ਦੇਖਿਆ ਗਿਆ ਸੀ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਮਗਰਮੱਛ ਨੇ 2018 ਵਿੱਚ ਭੂਚਾਲ ਅਤੇ ਸੁਨਾਮੀ ਵਰਗੀਆਂ ਕੁਦਰਤੀ ਆਫਤਾਂ ਵੀ ਝੱਲੀਆਂ, ਪਰ ਟਾਇਰ ਮਗਰਮੱਛ ਦੇ ਗਲੇ 'ਚੋਂ ਬਾਹਰ ਨਹੀਂ ਨਿਕਲ ਸਕਿਆ। ਸੈਂਟਰਲ ਸੁਲਾਵੇਸੀ ਦੇ ਨੈਚੁਰਲ ਰੀਸੋਰਸਜ਼ ਕੰਜ਼ਰਵੇਸ਼ਨ ਆਫਿਸ ਨੂੰ ਡਰ ਹੈ ਕਿ ਇਸ ਟਾਇਰ ਨਾਲ ਮਗਰਮੱਛ ਦਾ ਦਮ ਘੁੱਟ ਸਕਦਾ ਹੈ। ਇਸ ਲਈ ਇਸ ਹਫਤੇ ਮਗਰਮੱਛ ਦੇ ਗਲੇ 'ਚੋਂ ਟਾਇਰ ਕੱਢਣ ਲਈ ਇੱਕ ਕਾਂਟੈਸਟ ਲਾਂਚ ਕੀਤਾ ਗਿਆ ਹੈ। ਅੰਤਰਾ ਦੀ ਰਿਪੋਰਟ ਮੁਤਾਬਕ ਸੈਂਟਰਲ ਸੁਲਾਵੇਸੀ ਚੀਫ ਹਾਸਮੁਨੀ ਹਾਸਮਰ ਨੇ ਕਿਹ ਕਿ ਇਸ ਮਗਰਮੱਛ ਦੇ ਗਲੇ ਵਿੱਚੋਂ ਟਾਇਰ ਕੱਢਣ ਵਿੱਚ ਮਦਦ ਕਰਨ ਵਾਲੇ ਨੂੰ ਇਨਾਮ ਦਿੱਤਾ ਜਾਵੇਗਾ। ਉਨ੍ਹਾਂ ਨੇ ਇਨਾਮ ਨਾਲ ਸੰਬੰਧਤ ਜਾਣਕਾਰੀ ਨਹੀਂ ਦਿੱਤੀ। ਨਿਊਜ਼ ਏਜੰਸੀ ਮੁਤਾਬਕ ਇਹ ਟਾਇਰ ਹਟਾਉਣ ਦੀਆਂ ਕੋਸ਼ਿਸ਼ਾਂ ਪਹਿਲਾਂ ਵੀ ਕਈ ਵਾਰ ਹੋਈਆਂ ਹਨ। 2018 ਵਿੱਚ ਪ੍ਰੋਟੈਕਸ਼ਨਿਸਟ ਮੁਹੰਮਦ ਪਾਂਜੀ ਨੇ ਵੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਬਾਅਦ ਕੰਜ਼ਰਵੇਸ਼ਨ ਆਫਿਸ ਨੇ ਮੀਟ ਰਾਹੀਂ ਮਗਰਮੱਛ ਨੂੰ ਲਾਲਚ ਦੇਣ ਦਾ ਯਤਨ ਕੀਤਾ, ਪਰ ਦੋਵੇਂ ਹੀ ਵਾਰ ਅਸਫਲਤਾ ਹਾਸਲ ਹੋਈ।

# ਆਜ਼ਾਦ ਕਸ਼ਮੀਰ ਨਾਂਅ ਦੇ ਘੋੜੇ ਕਾਰਨ ਪਾਕਿ ਫਸ ਸਕਦੈ

ਲਾਹੌਰ, 5 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਅਤੇ ਉਸ ਦੇ ਐਥਲੀਟ ਹਮੇਸ਼ਾ ਭਾਰਤ ਦੀਆਂ ਭਾਵਨਾਵਾਂ ਦੇ ਨਾਲ ਆਪਣੀਆਂ ਗਲਤ ਹਰਕਤਾਂ ਕਰਨ ਤੋਂ ਬਾਜ ਨਹੀਂ ਆਉਂਦੇ ਅਤੇ ਇਸ ਵਾਰ ਇੱਕ ਪਾਕਿਸਤਾਨੀ ਘੋੜਸਵਾਰ ਨੇ ਜਾਣਬੁੱਝ ਕੇ ਆਪਣੇ ਘੋੜੇ ਦਾ ਨਾਂਅ ਬਦਲ ਕੇ ਆਜ਼ਾਦ ਕਸ਼ਮੀਰ ਰੱਖ ਦਿੱਤਾ ਹੈ।



ਪਤਾ ਲੱਗਾ ਹੈ ਕਿ ਪਾਕਿਸਤਾਨੀ ਘੋੜਸਵਾਰ ਉਸਮਾਨ ਖਾਨ ਨੇ ਇਸ ਵਾਰ ਆਜ਼ਾਦ ਕਸ਼ਮੀਰ ਨਾਂਅ ਦੇ ਘੋੜੇ ਨਾਲ ਟੋਕੀਓ ਓਲੰਪਿਕ ਦਾ ਕੋਟਾ ਹਾਸਲ ਕਰ ਲਿਆ ਹੈ, ਪਰ ਉਹ ਮੁਸ਼ਕਲ ਵਿੱਚ ਫਸ ਸਕਦਾ ਹੈ ਕਿਉਂਕਿ ਇਸ ਹਰਕਤ ਨਾਲ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਨਾਰਾਜ਼ ਹੈ ਤੇ ਉਹ ਇਸ ਦੇ ਖਿਲਾਫ ਅੰਤਰਰਾਸ਼ਟਰੀ ਓਲੰਪਿਕ ਕਮੇਟੀ (ਆਈ ਓ ਸੀ) ਵਿੱਚ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਇਹੀ ਨਹੀਂ, ਆਈ ਓ ਸੀ ਦੇ ਨਿਯਮ 50 ਦੇ ਹੇਠ ਵੀ ਉਸ ਦਾ ਓਲੰਪਿਕ ਕੋਟਾ ਖੁੱਸ ਸਕਦਾ ਹੈ। ਉਸਮਾਨ ਇਸ ਮੁਕਾਬਲੇ ਵਿੱਚ ਟੋਕੀਓ ਦੇ ਲਈ ਕਵਾਲੀਫਾਈ ਕਰਨ ਵਾਲਾ ਇੱਕੋ ਇੱਕ ਪਾਕਿਸਤਾਨੀ ਘੋੜਸਵਾਰ ਹੈ। 12 ਸਾਲ ਦਾ ਇਹ ਘੋੜਾ ਪਹਿਲਾਂ ਆਸਟਰੇਲੀਆ ਦੀ ਬੇਲਿੰਡਾ ਬੈਲਿਸਟਰ ਦੇ ਕੋਲ ਸੀ, ਜੋ ਵੈਸਟਰਨ ਆਸਟਰੇਲੀਆ ਵਿੱਚ ਰਹਿੰਦੀ ਸੀ, ਪ੍ਰੰਤੂ 15 ਸਾਲ ਤੋਂ ਆਸਟਰੇਲੀਆ ਵਿੱਚ ਰਹਿੰਦੇ ਉਸਮਾਨ ਨੇ ਇਹ ਘੋੜਾ ਪਿਛਲੇ ਸਾਲ ਉਨ੍ਹਾਂ ਤੋਂ ਖਰੀਦਿਆ ਅਤੇ ਜਾਣਬੁੱਝ ਕੇ ਇਸ ਦਾ ਨਾਂਅ ਬਦਲ ਕੇ ਆਜ਼ਾਦ ਕਸ਼ਮੀਰ ਰੱਖ ਦਿੱਤਾ।

ਆਈ ਓ ਏ ਦੇ ਇੱਕ ਸੂਤਰ ਨੇ ਕਿਹਾ ਕਿ ਪਾਕਿਸਤਾਨ ਅਤੇ ਉਸ ਦੇ ਖਿਡਾਰੀ ਹਮੇਸ਼ਾ ਤੋਂ ਅਜਿਹੇ ਕਾਰਨਾਮਿਆਂ ਵਿੱਚ ਅੱਗੇ ਰਹੇ ਹਨ ਤੇ ਹਰ ਵਾਰ ਉਹ ਭਾਰਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ। ਉਸਮਾਨ ਨੇ ਵੀ ਇਹੀ ਕੀਤਾ ਤੇ ਅਸੀਂ ਇਸ ਦੇ ਖਿਲਾਫ ਆਈ ਓ ਸੀ ਵਿੱਚ ਸ਼ਿਕਾਇਤ ਕਰ ਸਕਦੇ ਹਾਂ। ਉਸ ਨੇ ਭਾਰਤ ਦੀਆਂ ਭਾਵਨਾਵਾਂ ਨੂੰ ਠੇਸ ਲਾਈ ਹੈ। ਆਈ ਓ ਸੀ ਦੇ ਨਿਯਮ 50 ਦੇ ਅਨੁਸਾਰ ਕਿਸੇ ਅਜਿਹੀ ਚੀਜ਼ ਨਾਲ ਕਿਸੇ ਰਾਸ਼ਟਰ ਦੀਆਂ ਭਾਵਨਾਵਾਂ ਨੂੰ ਠੇਸ ਲੱਗਦੀ ਹੈ ਤੇ ਉਹ ਇਸ ਦੇ ਖਿਲਾਫ ਸ਼ਿਕਾਇਤ ਕਰਦਾ ਹੈ ਤਾਂ ਉਸ ਦੇਸ਼ ਦਾ ਓਲੰਪਿਕ ਕੋਟਾ ਰੱਦ ਕੀਤਾ ਜਾ ਸਕਦਾ ਹੈ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ




- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777

416.802.5866

31 Melanie Dr. Unit #4 Brampton, ON L6T 5H8




Bramalea / Sandalwood

ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।




VAUGHAN

ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington

8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

# ਸੰਭਾਲ ਦੇ ਕੰਮਾਂ ਕਾਰਨ ਜਲ੍ਹਿਆਂਵਾਲਾ ਬਾਗ਼ ਦੋ ਮਹੀਨੇ ਲਈ ਬੰਦ

ਅੰਮ੍ਰਿਤਸਰ, 5 ਫਰਵਰੀ (ਪੋਸਟ ਬਿਊਰੋ)- ਇਤਿਹਾਸਕ ਜੱਲ੍ਹਿਆਂਵਾਲਾ ਬਾਗ਼ ਵਿੱਚ ਚੱਲਦੇ ਸਾਂਭ-ਸੰਭਾਲ ਤੇ ਉਸਾਰੀ ਦੇ ਕੰਮ ਦੌਰਾਨ ਇਸ ਸ਼ਹੀਦੀ ਸਮਾਰਕ ਨੂੰ ਯਾਤਰੂਆਂ ਵਾਸਤੇ 15 ਫਰਵਰੀ ਤੋਂ 12 ਅਪ੍ਰੈਲ ਤੱਕ ਦੋ ਮਹੀਨੇ ਲਈ ਬੰਦ ਰਹੇਗਾ। ਇਸ ਸੂਚਨਾ ਦਾ ਇੱਕ ਬੋਰਡ ਵੀ ਕੱਲ੍ਹ ਇਥੇ ਦਾਖ਼ਲਾ ਗੇਟ ਉੱਤੇ ਲਾ ਦਿੱਤਾ ਗਿਆ ਹੈ।

ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਇਸ ਯਾਦਗਾਰ ਵਿੱਚ ਚੱਲਦਾ ਉਸਾਰੀ ਕਾਰਜ 31 ਮਾਰਚ ਤੱਕ ਖ਼ਤਮ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਹ ਜਦੋਂ ਆਮ ਲੋਕਾਂ ਲਈ ਖੋਲ੍ਹਿਆ ਗਿਆ ਤਾਂ ਨਵੇਂ ਰੂਪ ਵਿੱਚ ਸਾਹਮਣੇ ਆਵੇਗਾ। ਅਧਿਕਾਰੀਆਂ ਦਾ ਦਾਅਵਾ ਹੈ ਕਿ ਉਸਾਰੀ ਕਾਰਜ ਮਿਥੇ ਸਮੇਂ ਵਿੱਚ ਮੁਕੰਮਲ ਹੋ ਜਾਵੇਗਾ। ਇਸ ਵੇਲੇ ਯਾਤਰੂਆਂ ਦੀ ਭਾਰੀ ਆਮਦ ਕਾਰਨ ਕੰਮ ਵਿੱਚ ਮੁਸ਼ਕਲ ਪੇਸ਼ ਆਉਂਦੀ ਹੋਣ ਕਾਰਨ ਲੋਕਾਂ ਦੀ ਆਮਦ ਰੋਕਣ ਵਾਸਤੇ ਦੋ ਮਹੀਨਿਆਂ ਲਈ ਬੰਦ ਕੀਤਾ ਜਾ ਰਿਹਾ ਹੈ ਤਾਂ ਜੋ ਉਸਾਰੀ ਕਾਰਜ ਬਿਨਾਂ ਰੁਕਾਵਟ ਤੋਂ ਚੱਲ




ਸਕੇ। ਆਮ ਲੋਕਾਂ ਵਾਸਤੇ 13 ਅਪ੍ਰੈਲ ਨੂੰ ਇਹ ਇਤਿਹਾਸਕ ਸਮਾਰਕ ਖੋਲ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਸਥਾਨ ਦੀ ਪੁਰ-ਾਤਨਤਾ ਤੇ ਇਤਿਹਾਸ ਨੂੰ ਪਹਿਲਾਂ ਵਾਂਗ ਕਾਇਮ ਰੱਖਿਆ ਜਾਵੇਗਾ ਅਤੇ ਇਸ ਨਾਲ ਕਿਸੇ ਤਰ੍ਹਾਂ ਦੀ ਛੇੜਛਾੜ ਨਹੀਂ ਕੀਤੀ ਜਾਵੇਗੀ। ਇਸ ਸਮੁੱਚੇ ਕੰਮ ਦੀ ਨਿਗਰਾਨੀ ਭਾਰਤੀ ਪੁਰ-ਾਤੱਤਵ ਵਿਭਾਗ ਵੱਲੋਂ ਕੀਤੀ ਜਾ ਰਹੀ ਹੈ। ਜੱਲ੍ਹਿਆਂਵਾਲਾ ਬਾਗ਼ ਵਿੱਚ ਨਵ ਉਸਾਰੀ ਦੀ ਯੋਜਨਾ ਹੇਠ ਦਾਖ਼ਲੇ ਅਤੇ ਵਾਪਸੀ ਦੇ ਦੋ ਰਸਤੇ ਕਰ ਦਿੱਤੇ ਗਏ ਹਨ। ਵਾਪਸੀ ਰਸਤੇ ਵੱਲ 15 ਫੁੱਟ ਦਾ ਗੇਟ ਲਾ ਦਿੱਤਾ ਗਿਆ ਅਤੇ ਸ਼ਹੀਦੀ ਖ਼ੂਹ ਦੇ ਆਲੇ ਦੁਆਲੇ ਨਵਾਂ ਢਾਂਚਾ ਅਤੇ ਸ਼ੀਸ਼ੇ ਦੀ ਦੀਵਾਰ ਬਣਾਈ ਗਈ ਹੈ, ਜਿੱਥੋਂ ਇਸ ਖ਼ੂਹ ਦੀ ਡੂੰਘਾਈ ਆਸਾਨੀ ਨਾਲ ਦੇਖੀ ਜਾ ਸਕੇਗੀ ਅਤੇ ਇਥੇ ਨਵਾਂ ਲਾਈਟ ਐਂਡ ਸਾਈਡ ਸ਼ੋਅ ਸ਼ੁਰੂ ਹੋਵੇਗਾ, ਜਿਸ ਲਈ ਜੰਤਰ ਲਾਏ ਗਏ ਹਨ। ਇਥੇ 50 ਵਿਅਕਤੀਆਂ ਦੇ ਬੈਠਣ ਵਾਲੀ ਸਮਰੱਥਾ ਵਾਲਾ ਆਡੀਟੋਰੀਅਮ ਵੀ ਬਣਾਇਆ ਜਾ ਰਿਹਾ ਹੈ, ਜਿੱਥੇ ਥ੍ਰੀ ਡੀ ਸਿਸਟਮ ਨਾਲ ਇਤਿਹਾਸ ਦਿਖਾਇਆ ਜਾਵੇਗਾ।

# ਮ੍ਰਿਤਕਾ ਦਾ ਸਾਮਾਨ ਆਪਣੇ ਕੋਲ ਰੱਖਣ ਵਾਲਾ ਸ਼ਿਵ ਸੈਨਕ ਕਾਬੂ

ਜਲੰਧਰ, 5 ਫਰਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੀ ਪੁਲਸ ਦੇ ਪੀ ਓ ਸਟਾਫ ਨੇ ਧੋਖਾਧੜੀ ਅਤੇ ਮ੍ਰਿਤਕਾ ਦੇ ਸਾਮਾਨ 'ਤੇ ਜਬਰੀ ਕਬਜ਼ਾ ਕਰਨ ਦੇ ਦੋਸ਼ ਵਿੱਚ ਭਗੌੜਾ ਚੱਲ ਰਹੇ ਸ਼ਿਵ ਸੈਨਾ ਨੇਤਾ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀ ਦੀ ਪਛਾਣ ਨਿਊ ਸੁਰਾਜਗੰਜ ਵਾਸੀ ਸ਼ਿਵ ਸੈਨਾ ਨੇਤਾ ਦਲੀਪ ਕੁਮਾਰ ਵਜੋਂ ਹੋਈ ਹੈ। ਕੱਲ੍ਹ ਪੀ ਓ ਸਟਾਫ ਉਸ ਨੂੰ ਗ੍ਰਿਫਤਾਰ ਕਰ ਕੇ ਥਾਣਾ ਭਾਰਗੋ ਕੈਂਪ ਪੁਲਸ ਦੇ ਹਵਾਲੇ ਕਰ ਦਿੱਤਾ।

ਵਰਨਣ ਯੋਗ ਹੈ ਕਿ 13 ਮਾਰਚ 2017 ਨੂੰ ਇੱਕ ਵਿਧਵਾ ਮਹਿਲਾ ਨੇ ਫਾਹਾ ਲੈ ਕੇ ਆਪਣੇ ਘਰ ਵਿੱਚ ਖ਼ੁਦਕੁਸ਼ੀ ਕਰ ਲਈ ਸੀ। ਮ੍ਰਿਤਕਾ ਦੀ ਮਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਸੀ ਕਿ ਉਸ ਦੀ ਬੇਟੀ ਬੀ ਐੱਮ ਸੀ ਚੌਕ ਦੇ ਨੇੜੇ ਨਰਿੰਦਰ ਥਾਪਰ ਦੇ ਦਫਤਰ ਵਿੱਚ ਨੌਕਰੀ ਕਰਦੀ ਸੀ, ਜਿੱਥੇ ਉਸ ਦੀ ਦੋਸ਼ੀ ਦੇ ਨਾਲ ਦੋਸਤੀ ਹੋਈ ਸੀ, ਜਿਸ ਦਾ ਲਾਭ ਉਠਾ ਕੇ ਦੋਸ਼ੀ ਨੇ ਉਸ ਦੀ ਬੇਟੀ ਤੋਂ ਦੋ ਲੱਖ ਰੁਪਏ ਲੈ ਲਏ। ਇਸ ਦੇ ਬਾਅਦ ਉਸ ਦੀ ਬੇਟੀ ਦਾ ਮੋਬਾਈਲ ਅਤੇ ਬਾਈਕ ਸਮੇਤ ਕਾਫੀ ਸਾਰਾ ਜ਼ਰੂਰੀ ਸਾਮਾਨ ਵੀ ਧੋਖੇ ਨਾਲ ਆਪਣੇ ਕਬਜ਼ੇ ਵਿੱਚ ਲੈ ਲਿਆ। ਮ੍ਰਿਤਕਾ ਦੀ ਮਾਂ ਨੇ ਸ਼ਿਕਾਇਤ ਵਿੱਚ ਦੋਸ਼ ਲਾਇਆ ਸੀ




ਕਿ ਦੋਸ਼ੀ ਨੇ ਉਸ ਦੀ ਬੇਟੀ ਦਾ ਕਤਲ ਕੀਤਾ ਹੈ, ਪਰ ਪੋਸਟ ਮਾਰਟਮ ਰਿਪੋਰਟ ਵਿੱਚ ਖ਼ੁਦਕੁਸ਼ੀ ਦੀ ਪੁਸ਼ਟੀ ਹੋਈ ਸੀ। ਇਸ ਦੇ ਬਾਅਦ ਪੁਲਸ ਨੇ ਜਾਂਚ ਵਿੱਚ ਪਾਇਆ ਕਿ ਮ੍ਰਿਤਕਾ ਦਾ ਮੋਬਾਈਲ ਅਤੇ ਸਾਮਾਨ ਸਮੇਤ ਕਈ ਜ਼ਰੂਰੀ ਚੀਜ਼ਾਂ ਦੋਸ਼ੀ ਕੋਲ ਸਨ ਅਤੇ ਉਸ ਨੇ ਮ੍ਰਿਤਕਾ ਨੂੰ ਧੋਖੇ ਵਿੱਚ ਰੱਖ ਕੇ ਹਰ ਮਹੀਨੇ 20 ਹਜ਼ਾਰ ਰੁਪਏ ਵਿਆਜ ਵਜੋਂ ਦੇਣ ਦਾ ਕਹਿ ਕੇ ਦੋ ਲੱਖ ਰੁਪਏ ਹੜੱਪ ਲਏ ਸਨ। ਇਸ ਉੱਤੇ ਥਾਣਾ ਭਾਰਗੋ ਕੈਂਪ ਦੀ ਪੁਲਸ ਨੇ ਦੋਸ਼ੀ ਦੇ ਖਿਲਾਫ ਕੇਸ ਦਰਜ ਕੀਤਾ ਸੀ। ਪੀ ਓ ਸਟਾਫ ਦੇ ਇੰਚਾਰਜ ਐੱਸ ਆਈ ਸੁਰਿੰਦਰ ਸਿੰਘ ਨੇ ਦੱਸਿਆ ਕਿ ਉਕਤ ਦੋਸ਼ੀ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਉਣ ਪਿੱਛੋਂ ਫਿਰ ਫਰਾਰ ਹੋ ਗਿਆ ਸੀ ਅਤੇ ਕੋਰਟ ਨੇ ਉਸ ਨੂੰ ਭਗੌੜਾ ਐਲਾਨ ਕੀਤਾ ਸੀ।

# ਬਹਿਬਲ ਕਲਾਂ ਕਾਂਡ ਮਾਮਲੇ ਵਿਚ ਸੁਖਬੀਰ ਬਾਦਲ ਦੇ ਪੈਂਤੜੇ ਖ਼ਿਲਾਫ਼ ਬਾਕੀ ਸਾਰੇ ਗਵਾਹ ਅੱਗੇ ਆਏ

ਫ਼ਰੀਦਕੋਟ, 5 ਫਰਵਰੀ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਦੇ ਚਸ਼ਮਦੀਦ ਗਵਾਹਾਂ ਨੇ ਕੱਲ੍ਹ ਪ੍ਰੈਸ ਕਾਨਫਰੰਸ ਕਰ ਕੇ ਪੰਜਾਬ ਦੀਆਂ ਸਾਰੀਆਂ ਪਾਰਟੀਆਂ 'ਤੇ ਸਿਆਸਤ ਖੇਡਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਹ ਬਹਿਬਲ ਕਲਾਂ, ਕੋਟਕਪੂਰਾ ਗੋਲੀ ਕਾਂਡ ਅਤੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਥਾਂ ਆਪਣੀ ਸਿਆਸਤ ਕਰ ਰਹੀਆਂ ਹਨ। ਇਨ੍ਹਾਂ ਗਵਾਹਾਂ ਨੇ ਕਿਹਾ ਕਿ ਉਨ੍ਹਾਂ ਨੇ 14 ਅਕਤੂਬਰ 2015 ਤੋਂ ਲੈ ਕੇ ਅੱਜ ਤੱਕ ਕਈ ਮੁਸੀਬਤਾਂ ਝੱਲੀਆਂ ਹਨ, ਪਰ ਨੇੜੇ ਨਾ ਲੱਗਣ ਵਾਲੀਆਂ ਸਿਆਸੀ ਪਾਰਟੀਆਂ ਅੱਜ ਇਸ ਬਾਰੇ ਵੋਟ ਦੀ ਰਾਜਨੀਤੀ ਕਰ ਰਹੀਆਂ ਹਨ। ਕੱਲ੍ਹ ਬਹਿਬਲ ਕਲਾਂ ਗੋਲੀ ਕਾਂਡ ਦੇ ਮੁੱਖ ਗਵਾਹ ਹਾਕਮ ਸਿੰਘ ਸੇਖੋਂ, ਗੁਰਦਿੱਤ ਸਿੰਘ, ਅੰਗਰੇਜ਼ ਸਿੰਘ, ਬਲਕਰਨ ਸਿੰਘ, ਗੁਰਪ੍ਰੀਤ ਸਿੰਘ, ਬਰਮਾ ਸਿੰਘ, ਰਣਜੀਤ ਸਿੰਘ ਤੇ ਬੇਅੰਤ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਇਕੱਲੇ ਸੁਰਜੀਤ ਸਿੰਘ ਨੂੰ ਬਹਿਬਲ ਕਾਂਡ ਦਾ ਮੁੱਖ ਗਵਾਹ ਦੱਸ ਕੇ ਇਸ ਕਾਂਡ ਦੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਸਾਰੇ ਵਿਅਕਤੀਆਂ ਨੇ ਦਾਅਵਾ ਕੀਤਾ ਕਿ ਉਹ ਬਹਿਬਲ ਕਾਂਡ ਦੇ ਚਸ਼ਮਦੀਦ ਗਵਾਹ ਹਨ ਅਤੇ ਉਹ ਇਸ ਤੋਂ ਪਹਿਲਾਂ ਸੁਪਰੀਮ ਕੋਰਟ ਦੇ ਜੱਜ



ਜਸਟਿਸ ਕਾਟਜੂ, ਜਸਟਿਸ ਜ਼ੋਰਾ ਸਿੰਘ ਕਮਿਸ਼ਨ, ਜਸਟਿਸ ਰਣਜੀਤ ਸਿੰਘ ਕਮਿਸ਼ਨ ਤੇ ਵਿਸ਼ੇਸ਼ ਜਾਂਚ ਟੀਮ ਸਾਹਮਣੇ ਗਵਾਹ ਵਜੋਂ ਪੇਸ਼ ਹੋ ਚੁੱਕੇ ਹਨ, ਜਦੋਂ ਕਿ 15 ਜਨਵਰੀ ਨੂੰ ਦਿਲ ਦਾ ਦੌਰਾ ਪੈਣ ਨਾਲ ਮਰਨ ਵਾਲੇ ਬਹਿਬਲ ਕਲਾਂ ਦੇ ਸਾਬਕਾ ਸਰਪੰਚ ਸੁਰਜੀਤ ਸਿੰਘ ਗਵਾਹ ਵਜੋਂ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਨਹੀਂ ਹੋਏ ਸਨ। ਉਨ੍ਹਾਂ ਕਿਹਾ ਕਿ ਸੁਰਜੀਤ ਸਿੰਘ ਦੀ ਮੌਤ ਮਗਰੋਂ ਪੈਦਾ ਹੋਇਆ ਵਿਵਾਦ ਸਿਆਸਤ ਤੋਂ ਪ੍ਰੇਰਿਤ ਹੈ। ਸੁਰਜੀਤ ਸਿੰਘ ਉਤੇ ਕਿਸੇ ਖ਼ਾਸ ਵਿਅਕਤੀ ਦੇ ਹੱਕ ਵਿੱਚ ਗਵਾਹੀ ਦੇਣ ਦਾ ਕੋਈ ਦਬਾਅ ਨਹੀਂ ਸੀ। ਜੇ ਕਿਸੇ ਵੱਲੋਂ ਗਵਾਹਾਂ ਉਤੇ ਦਬਾਅ ਵਾਲੀ ਕੋਈ ਗੱਲ ਹੁੰਦੀ ਤਾਂ ਇਹ ਦਬਾਅ ਸਾਰੇ ਗਵਾਹਾਂ ਉਤੇ ਹੁੰਦਾ। ਇਨ੍ਹਾਂ ਵਿਅਕਤੀਆਂ ਨੇ ਕਿਹਾ ਕਿ ਬਿਜਲੀ ਬੋਰਡ ਦੀ ਛਾਪਾ ਇਕੱਲੇ ਸੁਰਜੀਤ ਸਿੰਘ ਦੇ ਘਰ ਨਹੀਂ, ਸਗੋਂ ਪਿੰਡ ਦੇ ਅੱਠ ਘਰਾਂ ਵਿੱਚ ਵੱਜਾ ਸੀ ਤੇ ਇਹ ਛਾਪਾ ਬਦਲੇ ਦੀ ਭਾਵਨਾ ਨਾਲ ਨਹੀਂ ਮਾਰਿਆ ਗਿਆ ਸੀ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਹੋਏ ਵਿਵਾਦਾਂ ਉਤੇ ਸਿਆਸਤ ਕਰਨ ਦੀ ਥਾਂ ਨਿਆਂ ਲਈ ਚਾਰਾਜੋਈ ਕਰਨ।

ਵਰਨਣ ਯੋਗ ਹੈ ਕਿ ਗਵਾਹ ਸੁਰਜੀਤ ਸਿੰਘ ਦੀ ਪਤਨੀ ਜਸਵੀਰ ਕੌਰ ਨੇ ਸੁਰਜੀਤ ਸਿੰਘ ਦੀ ਮੌਤ ਮਗਰੋਂ ਦੋਸ਼ ਲਾਇਆ ਸੀ ਕਿ ਉਸ ਦੇ ਪਤੀ ਉਤੇ ਕੁਝ ਪੁਲਸ ਅਧਿਕਾਰੀਆਂ ਨੂੰ ਬਚਾਉਣ ਲਈ ਗਵਾਹੀ ਦੇਣ ਦਾ ਦਬਾਅ ਸੀ ਤੇ ਇਸੇ ਪ੍ਰੇਸ਼ਾਨੀ ਕਰਕੇ ਉਸ ਦੀ ਮੌਤ ਹੋਈ ਹੈ। ਜਸਵੀਰ ਕੌਰ ਇਸ ਮੁੱਦੇ 'ਤੇ ਮੁੱਖ ਮੰਤਰੀ ਨੂੰ ਵੀ ਮਿਲ ਚੁੱਕੀ ਹੈ। ਉਸ ਨੇ ਇੱਕ ਦਿਨ ਪਹਿਲਾਂ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਅਤੇ ਫ਼ਰੀਦਕੋਟ ਦੇ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਖ਼ਿਲਾਫ਼ ਸ਼ਿਕਾਇਤ ਦਰਜ ਕਰਾਈ ਸੀ ਕਿ ਇਨ੍ਹਾਂ ਦੋਹਾਂ ਨੇ ਉਸ ਦੇ ਪਤੀ 'ਤੇ ਗਵਾਹੀ ਨਾ ਦੇਣ ਦਾ ਦਬਾਅ ਪਾਇਆ ਸੀ।

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

# ਢੱਡਰੀਆਂ ਵਾਲੇ ਦੇ ਕਾਫ਼ਲੇ ਉੱਤੇ ਹਮਲੇ ਦੇ ਕੇਸ ਦੀ ਸੁਣਵਾਈ 25 ਤੱਕ ਮੁਲਤਵੀ

ਲੁਧਿਆਣਾ, 5 ਫਰਵਰੀ (ਪੋਸਟ ਬਿਊਰੋ)- ਸਥਾਨਕ ਬਾੜੇਵਾਲ ਰੋਡ 'ਤੇ ਚਾਰ ਸਾਲ ਪਹਿਲਾਂ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਕਾਫ਼ਲੇ ਉੱਤੇ ਹੋਏ ਹਮਲੇ ਦੇ ਕੇਸ ਦੀ ਸੁਣਵਾਈ 25 ਫਰਵਰੀ ਤੱਕ ਮੁਲਤਵੀ ਕੀਤੀ ਗਈ ਹੈ। ਕੱਲ੍ਹ ਅਦਾਲਤ 'ਚ ਕੋਈ ਗਵਾਹ ਹਾਜ਼ਰ ਨਹੀਂ ਹੋਇਆ। ਸਥਾਨਕ ਬਾੜੇਵਾਲ ਸੜਕ ਉੱਤੇ 17 ਮਈ 2016 ਨੂੰ ਰਣਜੀਤ ਸਿੰਘ ਢੱਡਰੀਆਂ ਵਾਲੇ 'ਤੇ ਕੁਝ ਨੌਜਵਾਨਾਂ ਨੇ ਹਮਲਾ ਕੀਤਾ ਅਤੇ ਅੰਨ੍ਹਵਾਹ ਗੋਲੀਆਂ ਚਲਾਈਆਂ ਗਈਆਂ ਸਨ, ਜਿਸ ਦੇ ਦੌਰਾਨ ਢੱਡਰੀਆਂ ਵਾਲਿਆਂ ਦੀ ਸਾਥੀ ਭੁਪਿੰਦਰ ਸਿੰਘ ਖਾਸੀ ਕਲਾਂ ਦੀ ਮੌਤ ਹੋ ਗਈ ਸੀ। ਪੁਲਸ ਨੇ ਉਸ ਵਕਤ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ, ਪਰ ਬਾਅਦ ਵਿੱਚ ਇਸ ਕੇਸ ਵਿੱਚ 14 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕੇਸ ਦੀ ਸੁਣਵਾਈ ਕੱਲ੍ਹ ਐਡੀਸ਼ਨਲ ਸੈਸ਼ਨ ਜੱਜ ਅਰੁਣ ਅਗਰਵਾਲ ਦੀ ਅਦਾਲਤ ਵਿੱਚ ਹੋਈ। ਇਸ ਮੌਕੇ ਅਦਾਲਤ ਨੇ ਇਸ ਕੇਸ ਦੇ ਚਾਰ ਗਵਾਹਾਂ ਨੂੰ ਗਵਾਹੀ ਲਈ ਸੰਮਨ ਕੀਤਾ ਸੀ, ਜਿਨ੍ਹਾਂ ਵਿੱਚ ਸ਼ਿਕਾਇਤ ਕਰਤਾ ਅਤੇ ਢੱਡਰੀਆਂ ਵਾਲਾ ਦੇ ਡਰਾਈਵਰ ਕੁਲਵਿੰਦਰ ਸਿੰਘ, ਪ੍ਰੀਤਮ ਸਿੰਘ, ਕੁਲਵੰਤ ਸਿੰਘ ਤੇ ਜਸਵੀਰ ਸਿੰਘ ਸ਼ਾਮਲ ਸਨ, ਪਰ ਕੱਲ੍ਹ ਅਦਾਲਤ ਵਿੱਚ ਕੋਈ ਗਵਾਹ ਹਾਜ਼ਰ ਨਹੀਂ ਹੋਇਆ।

# ਕਾਰ ਸਵਾਰਾਂ ਵੱਲੋਂ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

ਲਹਿਰਾਗਾਗਾ, 5 ਫਰਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਪਿੰਡ ਚੂੜਲ ਕਲਾਂ ਕੋਲ ਤਲਵਾੜਾ ਰੋਡ ਉੱਤੇ ਗੁਰੂ ਨਗਰ 'ਚ ਅਣਪਛਾਤੇ ਹਮਲਾਵਰਾਂ ਨੇ ਇੱਕ ਨੌਜਵਾਨ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਮ੍ਰਿਤਕ ਮਨਮੋਹਨ ਸਿੰਘ ਮੋਹਨੀ (32) ਪੁੱਤਰ ਭਗਵੰਤ ਸਿੰਘ ਇਥੋਂ ਦੇ ਪ੍ਰਸਿੱਧ ਅਕਾਲੀ ਪਰਵਾਰ ਦੇ ਨਾਲ ਸਬੰਧਤ ਸੀ। ਕਤਲ ਤੋਂ ਬਾਅਦ ਕਾਤਲ ਉਸ ਦੀ ਕਾਰ ਅਤੇ ਮੋਬਾਈਲ ਫੋਨ ਵੀ ਨਾਲ ਲੈ ਗਏ ਹਨ। ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਮਨਮੋਹਨ ਸਿੰਘ ਮੋਹਨੀ ਇਥੇ ਬਾਬਾ ਹੀਰਾ ਸਿੰਘ ਭੱਠਲ ਇੰਜਨੀਅਰਿੰਗ ਕਾਲਜ 'ਚ ਨੌਕਰੀ ਕਰਦਾ ਸੀ। ਉਹ ਤਿੰਨ ਫਰਵਰੀ ਨੂੰ ਆਪਣੀ ਕਾਰ ਉਤੇ ਸਵਾਰ ਹੋ ਕੇ ਆਪਣੀ ਬਿਮਾਰ ਮਾਤਾ ਦੀ ਦਵਾਈ ਲੈਣ ਲਈ ਹਰਿਆਣਾ ਦੇ ਫਤਿਆਬਾਦ ਦੇ ਪਿੰਡ ਭੂਨਾ ਗਿਆ ਸੀ, ਪਰ ਸ਼ਾਮ ਤੱਕ ਵਾਪਸ ਨਹੀਂ ਆਇਆ ਅਤੇ ਉਸ ਦਾ ਮੋਬਾਈਲ ਬੰਦ ਹੋਣ ਪਿੱਛੋਂ ਉਸ ਦੇ ਰਿਸ਼ਤੇਦਾਰ ਉਸ ਨੂੰ ਲੱਭਣ ਨਿਕਲੇ। ਉਸ ਦੇ ਸਾਲੇ ਦਲਜੀਤ ਸਿੰਘ ਵਾਸੀ ਹਰਿਆਓ ਨੇ ਦੱਸਿਆ ਕਿ ਉਹ ਆਪਣੇ ਨਾਲ ਹੋਰ ਸਾਥੀਆਂ ਨੂੰ ਲੈ ਕੇ ਰਾਤ ਸਮੇਂ ਤਲਵਾੜਾ-ਜਾਖਲ ਨੂੰ ਲੱਭਣ ਲਈ ਗਏ ਤਾਂ ਉਨ੍ਹਾਂ ਤਲਵਾੜਾ ਰੋਡ ਚੂੜਲ ਕਲਾਂ ਦੇ ਰੇਲ ਫਾਟਕ ਨੇੜੇ ਸ਼ਰਾਬ ਦੇ ਠੇਕੇ ਦੇ ਸਾਹਮਣੇ ਲੋਕਾਂ ਦਾ ਇਕੱਠ ਦੇਖਿਆ ਤਾਂ ਉਥੇ ਗੋਲੀਆਂ ਨਾਲ ਵਿੰਨ੍ਹੀ ਖ਼ੂਨ ਨਾਲ ਲੱਥਪੱਥ ਲਾਸ਼ ਪਈ ਸੀ ਅਤੇ ਲੋਕ ਇਕੱਠੇ ਹੋਏ ਸਨ। ਉਨ੍ਹਾਂ ਨੇ ਉਸ ਦੀ ਪਛਾਣ ਕੀਤੀ ਅਤੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਦਲਜੀਤ ਸਿੰਘ ਦੇ ਬਿਆਨ 'ਤੇ ਅਣਪਛਾਤਿਆਂ ਦੇ ਕੇਸ ਦਰਜ ਕਰ ਲਿਆ ਹੈ।




## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 I 416-509-7252 I +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਂਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਬੀਏ, ਪੀਜੀਡੀਸੀਏ, ਐਮਐਸਸੀ (ਆਈਟੀ) ਤਲਾਕਸ਼ੁਦਾ ਸੁੰਦਰ ਲੜਕੀ, ਕੱਦ 5 ਫੁਟ 3 ਇੰਚ, ਉਮਰ 34 ਸਾਲ, ਲਈ ਕੈਨੇਡੀਅਨ ਪੀ.ਆਰ. ਲੜਕੇ ਦੀ ਲੋੜ ਹੈ (ਬੱਚੇ ਵਾਲੇ ਵੀ ਸੰਪਰਕ ਕਰਨ)। ਕੈਨੇਡਾ ਦਾ ਫੋਨ ਨੰਬਰ +17807298731 ਅਤੇ ਪੰਜਾਬ ਦਾ ਫੋਨ ਨੰਬਰ +919592510431

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 I 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW

AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਸੀ.ਬੀ.ਐਸ.ਈ. ਦੇ ਡਿਪਟੀ ਸਕੱਤਰ ਵਿਜੈ ਯਾਦਵ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ



ਅੰਮ੍ਰਿਤਸਰ, 5 ਫ਼ਰਵਰੀ (ਗਿਆਨ ਸਿੰਘ) ਸੀ.ਬੀ.ਐਸ.ਈ. ਦੇ ਡਿਪਟੀ ਸਕੱਤਰ ਵਿਜੈ ਯਾਦਵ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਸ਼ਰਧਾ ਪ੍ਰਗਟਾਈ। ਇਸ ਦੌਰਾਨ ਉਨ੍ਹਾਂ ਗੁਰਬਾਣੀ ਕੀਰਤਨ ਸਰਵਣ ਕਰਨ ਵਿਚ ਵੀ ਕੁਝ ਸਮਾਂ ਬਤੀਤ ਕੀਤਾ। ਇਸ ਮੌਕੇ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਨਿੱਜੀ ਸਕੱਤਰ ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਤੇ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਕੁਲਵਿੰਦਰ ਸਿੰਘ ਰਮਦਾਸ ਨੇ ਸਾਂਝੇ ਤੌਰ 'ਤੇ ਸਨਮਾਨਤ ਕੀਤਾ। ਵਿਜੈ ਯਾਦਵ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਬੰਧੀ ਆਪਣੀਆਂ ਭਾਵਨਾਵਾਂ ਵਿਅਕਤ ਕਰਦਿਆਂ ਯਾਤਰੂ ਕਿਤਾਬ ਵਿਚ ਲਿਖਿਆ ਕਿ ਉਨ੍ਹਾਂ ਨੂੰ ਇਸ ਪਾਵਨ ਅਸਥਾਨ 'ਤੇ ਨਤਮਸਤਕ ਹੋ ਕੇ ਮਾਣਮੱਤਾ ਮਹਿਸੂਸ ਹੋਇਆ ਹੈ। ਇਹ ਅਸਥਾਨ ਸ਼ਾਂਤੀ ਤੇ ਸ਼ਰਧਾ ਦੀ ਸਿਖਰ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਭੌਰ, ਸਾਬਕਾ ਸਕੱਤਰ ਸਤਬੀਰ ਸਿੰਘ ਧਾਮੀ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਇੰਚਾਰਜ ਅਜ਼ਾਦਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਸਰਬਜੀਤ ਸਿੰਘ ਤੇ ਸ੍ਰੀ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਧਰਮਵੀਰ ਸਿੰਘ ਆਦਿ ਮੌਜੂਦ ਸਨ।

# ਪਾਕਿਸਤਾਨ ਦਾ ਅੱਤਵਾਦੀ ਲਾਂਚਿੰਗ ਪੈਡ ਅਤੇ ਦੋ ਨਿਗਰਾਨੀ ਮੋਰਚੇ ਤਬਾਹ

ਸ੍ਰੀਨਗਰ, 5 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨੀ ਫ਼ੌਜ ਨੇ ਕੱਲ੍ਹ ਨੂੰ ਉੱਤਰੀ ਕਸ਼ਮੀਰ 'ਚ ਕੰਟਰੋਲ ਰੇਖਾ (ਐਲ ਓ ਸੀ) ਦੇ ਨਾਲ ਲੱਗਦੇ ਤੰਗਧਾਰ, ਕਰਨਾਹ ਅਤੇ ਗੁਰੇਜ਼ ਸੈਕਟਰ 'ਚ ਭਾਰਤੀ ਨਾਗਰਿਕ ਤੇ ਫ਼ੌਜੀ ਟਿਕਾਣਿਆਂ 'ਤੇ ਭਾਰੀ ਗੋਲਬਾਰੀ ਕੀਤੀ। ਇਸ ਵਿੱਚ ਤੰਗਧਾਰ ਸੈਕਟਰ 'ਚ ਇੱਕ 60 ਸਾਲਾ ਪਿੰਡ ਵਾਸੀ ਦੀ ਮੌਤ ਤੇ ਚਾਰ ਹੋਰ ਲੋਕ ਜ਼ਖਮੀ ਹੋ ਗਏ। ਭਾਰਤੀ ਫ਼ੌਜ ਨੇ ਵੀ ਪਾਕਿਸਤਾਨੀ ਫ਼ੌਜ ਨੂੰ ਜਵਾਬ ਦਿੰਦਿਆਂ ਮਕਬੂਜ਼ਾਂ ਕਸ਼ਮੀਰ ਦੇ ਅਗਲੇ ਕਿਨਾਰੇ 'ਤੇ ਨੀਲਮ ਵਾਦੀ 'ਚ ਇੱਕ ਅੱਤਵਾਦੀ ਲਾਂਚਿੰਗ ਪੈਂਡ ਅਤੇ ਪਾਕਿਸਤਾਨੀ ਫ਼ੌਜ ਦੇ ਦੋ ਨਿਗਰਾਨੀ ਮੋਰਚੇ ਤੋੜ ਦਿੱਤੇ ਹਨ।

ਇਸ ਦੇ ਬਾਅਦ ਦੇਰ ਰਾਤ ਤੱਕ ਦੋਵਾਂ ਪਾਸਿਓਂ ਭਾਰੀ ਗੋਲ਼ਬਾਰੀ ਜਾਰੀ ਰਹੀ ਅਤੇ ਪ੍ਰਸ਼ਾਸਨ ਨੇ ਪਾਕਿਸਤਾਨ ਵੱਲੋਂ ਗੋਲ਼ਬਾਰੀ ਨੂੰ ਦੇਖ ਕੇ ਸਥਾਨਕ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਹੈ। ਵੱਡੀ ਗਿਣਤੀ 'ਚ ਲੋਕਾਂ ਨੇ ਨਜ਼ਦੀਕੀ ਸੁਰੱਖਿਆ ਕੈਂਪਾਂ ਤੇ ਬੰਕਰਾਂ 'ਚ ਵੀ ਸ਼ਰਨ ਲੈ ਲਈ ਹੈ। ਮਿਲੀ ਜਾਣਕਾਰੀ ਮੁਤਾਬਕ ਪਾਕਿਸਤਾਨੀ ਫ਼ੌਜ ਨੇ ਦੁਪਹਿਰ ਬਾਅਦ ਜ਼ਿਲ੍ਹਾ ਕੁਪਵਾੜਾ 'ਚ ਐਲ ਓ ਸੀ ਨਾਲ ਲੱਗੇ ਕਰਨਾਹ,ਟੰਗਡਾਰ ਤੇ ਜ਼ਿਲ੍ਹਾ ਬਾਂਡੀਪੋਰਾ 'ਚ ਗੁਰੇਜ਼ ਸੈਕਟਰ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਗੁਰੇਜ਼ ਸੈਕਟਰ ਨੂੰ ਨਿਸ਼ਾਰਾ ਬਣਾਇਆ ਸੀ। ਪਾਕਿਸਤਾਨੀ ਫ਼ੌਜ ਨੇ ਸਭ ਤੋਂ ਪਹਿਲਾਂ ਕਰਨਾਹ ਸੈਕਟਰ 'ਚ ਜ਼ਿਆਰਤ, ਠੰਢ ਤੇ ਅਮਨ ਸਿੰਘ ਟੇਕਰੀ ਚੌਕੀਆਂ ਦੇ ਦਾਇਰੇ 'ਚ ਆਉਣ ਵਾਲੇ ਫ਼ੌਜੀ ਤੇ ਨਾਗਰਿਕ ਟਿਕਾਣਿਆਂ ਉੱਤੇ ਤੋਪ ਅਤੇ ਮੋਰਟਾਰ ਦੇ ਗੋਲੇ ਦਾਗੇ। ਭਾਰਤੀ ਫੌਜ ਨੇ ਪਹਿਲਾਂ ਸੰਜਮ ਰੱਖਿਆ, ਪਰ ਜਦੋਂ ਗੋਲ਼ਾਬਾਰੀ ਵਧਣ ਲੱਗੀ ਤਾਂ ਭਾਰਤੀ ਜਵਾਨਾਂ ਨੇ ਪਾਕਿਸਤਾਨੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ।

# ਡੀ.ਸੀ. ਨੇ ਖੁੱਲ੍ਹੇ ਦਰਬਾਰ ਵਿਚ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ



ਫਰੀਦਕੋਟ 5 ਫਰਵਰੀ (ਗਿਆਨ ਸਿੰਘ): ਜ਼ਿਲਾ ਪ੍ਰਸ਼ਾਸਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਗੁਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਸਥਾਨਕ ਅਸ਼ੋਕਾ ਚੱਕਰ ਹਾਲ ਵਿੱਚ ਲੋਕਾਂ ਦੀਆਂ ਵੱਖ ਵੱਖ ਸਰਕਾਰੀ ਵਿਭਾਗਾਂ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਕਰਨ ਅਤੇ ਉਨਾਂ ਦੇ ਨਿਪਟਾਰੇ ਲਈ ਖੁੱਲ੍ਹੇ ਦਰਬਾਰ ਦਾ ਆਯੋਜਨ ਕੀਤਾ ਗਿਆ। ਖੁੱਲੇ ਦਰਬਾਰ ਵਿੱਚ ਜਿਲੇ ਨਾਲ ਸਬੰਧਤ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਇਸ ਮੌਕੇ 22 ਦੇ ਕਰੀਬ ਸ਼ਿਕਾਇਤਕਰਤਾ/ਆਮ ਲੋਕਾਂ ਵੱਲੋਂ ਆਪਣੀਆਂ ਮੁਸ਼ਕਿਲਾਂ ਦੇ ਹੱਲ ਲਈ ਅਰਜੀਆਂ ਪੇਸ਼ ਕੀਤੀਆਂ ਗਈਆਂ ਜਿਨਾਂ ਵਿੱਚ ਡੀ.ਸੀ. ਦਫਤਰ, ਪੁਲਿਸ ਵਿਭਾਗ, ਮੰਡੀ ਬੋਰਡ, ਨਗਰ ਕੌਂਸਿਲਾਂ, ਮਾਲ ਵਿਭਾਗ, ਮਗਨਰੇਗਾ, ਬਿਜਲੀ ਬੋਰਡ, ਸੀਵਰੇਜ ਬੋਰਡ, ਖੇਤੀਬਾੜੀ, ਰੋਜ਼ਗਾਰ ਵਿਭਾਗ, ਵਣ ਵਿਭਾਗ, ਸਹਿਕਾਰਤਾ ਵਿਭਾਗ, ਸਿਹਤ ਵਿਭਾਗ ਅਤੇ ਜਨ ਸਿਹਤ ਵਿਭਾਗ ਆਦਿ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਹੋਈਆਂ । ਜਿਨਾਂ ਨੂੰ ਮੀਟਿੰਗ ਦੌਰਾਨ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਗੁਰਜੀਤ ਸਿੰਘ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਮੀਟਿੰਗ ਦੌਰਾਨ ਪ੍ਰਾਪਤ ਹੋਈਆਂ ਸ਼ਿਕਾਇਤਾਂ ਨੂੰ ਮਿੱਥੇ ਸਮੇਂ ਵਿੱਚ ਹੱਲ ਕਰਕੇ ਇਸ ਸਬੰਧੀ ਪ੍ਰਾਰਥੀ ਅਤੇ ਡੀ.ਸੀ. ਦਫਤਰ ਨੂੰ ਲਿਖਤੀ ਤੌਰ ਤੇ ਸੂਚਿਤ ਕੀਤਾ ਜਾਵੇ । ਉਨਾਂ ਇਸ ਮੌਕੇ ਪਿਛਲੇ ਖੁੱਲੇ ਦਰਬਾਰ ਦੀਆਂ ਬਕਾਇਆ ਪਈਆਂ ਅਰਜੀਆਂ ਸਬੰਧੀ ਵੀ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਅਤੇ ਸਬੰਧਤ ਵਿਭਾਗਾਂ ਨੂੰ ਇਸ ਸਬੰਧੀ ਤੁਰੰਤ ਕਾਰਵਾਈ ਦੇ ਆਦੇਸ਼ ਦਿੱਤੇ।


**ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ**
**ਸੈਰ ਸਪਾਟੇ ਨਾਲ ਹੁਣ ਕਰੋ ਕਮਾਈ**

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011



**CELLNTELL DISTRIBUTION INC**
**1-401 Traders Blvd E, Mississauga. ON**

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- Free valuation & Lowest Commission
- We Help to get mortgage
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE, RESP Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖ਼ਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: Complete Basement, Tiles, Bathrooms, Plumbing, Laminate, Hardwood Floor, Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara) 647-710-7760
Email: info@gf1security.com
1085 Bellamy Rd (N) Unit #210 Scarbrough (Toronto) 647-929-7736
Web: www.gf1security.com
REVIVE EMS · CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana Sales Representative
Tel: 905.793.5777 416.802.5866
31 Melanie Dr. Unit #4 Brampton, ON L6T 5H8

FOR LEASE — Lease: $2,599 — Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਊਟਰ ਟਾਪ, ਵਾਕ ਆਊਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE — $120,000 — VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD — Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- Forklift Driver
- Millwright's
- AZ-DZ Drivers
- Machine Mechanic
(905) 564-2322 | (416) 700 0011 Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## ਇਹ ਜਰਨੀ ਸੁਫਨੇ ਵਾਂਗ ਲੱਗਦੀ ਹੈ, ਖੁਸ਼ ਹਾਂ ਇਸ ਦਾ ਰਾਹ ਖੁਦ ਬਣਾਇਐ : ਦਿਵਿਆ ਦੱਤਾ



ਨੈਸ਼ਨਲ ਐਵਾਰਡ ਜੇਤੂ ਦਿਵਿਆ ਦੱਤਾ ਦੀ ਅਗਲੀ ਫਿਲਮ 'ਗੁਲ ਮਕਈ' ਹੈ। ਇਸ ਵਿੱਚ ਉਹ ਮਲਾਲਾ ਦੀ ਮਾਂ ਦਾ ਰੋਲ ਨਿਭਾ ਰਹੀ ਹੈ। ਦਿਵਿਆ ਨਾਲ ਇਸ ਮੁਲਾਕਾਤ ਵਿੱਚ ਰੀਅਲ ਲਾਈਫ ਕਰੈਕਟਰ ਨਿਭਾਉਣ ਦੀਆਂ ਚੁਣੌਤੀਆਂ, ਆਉਣ ਵਾਲੀਆਂ ਫਿਲਮਾਂ ਅਤੇ ਹੋਰਨਾਂ ਚੀਜ਼ਾਂ ਬਾਰੇ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਕਿਸੇ ਜਿਊਂਦੇ ਇਨਸਾਨ ਦੇ ਕਰੈਕਟਰ ਨੂੰ ਨਿਭਾਉਣ ਦੀਆਂ ਕਿੰਨੀਆਂ ਕੁ ਚੁਣੌਤੀਆਂ ਪਾਉਂਦੇ ਹੋ?

– ਅਸੀਂ ਬੜੇ ਖੁਸ਼ਕਿਸਮਤ ਲੋਕ ਹਾਂ ਕਿ ਸਾਨੂੰ ਦੂਸਰਿਆਂ ਦੀ ਜ਼ਿੰਦਗੀ ਦੋਬਾਰਾ ਜਿਉਣ ਦਾ ਮੌਕਾ ਮਿਲਦਾ ਹੈ। ਫਿਲਮ 'ਗੁਲ ਮਕਈ' ਵਿੱਚ ਕੰਮ ਕੀਤਾ ਤਾਂ ਇਸ ਫਿਲਮ ਨੂੰ ਦੇਖਣ ਲਈ ਮਲਾਲਾ ਦੇ ਅੱਬੂ ਆਏ ਸਨ। ਉਨ੍ਹਾਂ ਦਾ ਐਕਸਪ੍ਰੈਸ਼ਨ ਦੇਖ ਕੇ ਮੈਂ ਪੁੱਛਿਆ ਕਿ ਇਹ ਫਿਲਮ ਕਿੱਦਾਂ ਦੀ ਲੱਗੀ? ਉਨ੍ਹਾਂ ਕਿਹਾ, ਬਹੁਤ ਵਧੀਆ ਲੱਗੀ। ਇੱਕ ਪਾਸਿਉਂ ਵੈਲੀਡੇਸ਼ਨ ਮਿਲਦਾ ਹੈ ਕਿ ਤੁਸੀਂ ਕਿਸੇ ਦੀ ਜ਼ਿੰਦਗੀ ਨੂੰ ਦੋਬਾਰਾ ਵੱਡੇ ਪਰਦੇ ਉਤੇ ਦਿਖਾਇਆ ਹੈ। ਇਹ ਉਸ ਇਨਸਾਨ ਨੂੰ ਪਸੰਦ ਆਉਂਦਾ ਹੈ, ਤਦ ਅਜਿਹਾ ਲੱਗਦਾ ਹੈ ਕਿ ਉਸ ਦੀ ਜ਼ਿੰਦਗੀ ਨੂੰ ਦੋਬਾਰਾ ਜਿਉਣ ਵਿੱਚ ਕਾਮਯਾਬ ਰਹੇ ਹਾਂ।

* ਨਿਰਮਾਤਾ-ਨਿਰਦੇਸ਼ਕ ਦੇ ਨਾਲ ਵਿਵਾਦਾਂ ਵਿੱਚ ਐਕਟਰ ਵੀ ਘਸੀਟੇ ਜਾਂਦੇ ਹਨ। ਅਜਿਹੀਆਂ ਫਿਲਮਾਂ ਚੁਣਨ ਸਮੇਂ ਮਨ ਵਿੱਚ ਕੀ ਗੱਲਾਂ ਆਉਂਦੀਆਂ ਹਨ?

– ਮੈਂ ਕੋਈ ਫਿਲਮ ਕਿਸੇ ਪਾਲੀਟੀਕਲ ਐਂਗਲ ਨੂੰ ਦੇਖ ਕੇ ਨਹੀਂ ਲੈਂਦੀ। ਮੈਂ ਫਿਲਮ ਇਸ ਲਈ ਕਰਦੀ ਹਾਂ ਕਿ ਉਹ ਰੋਲ ਚੰਗਾ ਲੱਗਾ। ਕੋਈ ਕੀ ਸੋਚੇਗਾ, ਇਹ ਮੇਰਾ ਇਸ਼ਿਊ ਨਹੀਂ।

* ਮਲਾਲਾ ਦੀ ਮਾਂ ਤੂਰ ਦੇ ਕਰੈਕਟਰ ਲਈ ਕਿਸ ਤਰ੍ਹਾਂ ਦੀ ਤਿਆਰੀ ਕਰਨੀ ਪਈ?

– ਸਭ ਤੋਂ ਵੱਡੀ ਤਿਆਰੀ ਰਿਸਰਚ ਸੀ। ਮੈਂ ਉਨ੍ਹਾਂ ਦੇ ਕੁਝ ਵੀਡੀਓਜ਼ ਅਤੇ ਤਸਵੀਰਾਂ ਦੇਖੀਆਂ। ਉਹ ਇੱਕ ਬਹੁਤ ਨਰਮ ਦਿਲ ਮਾਂ ਹੈ। ਮੈਂ ਉਨ੍ਹਾਂ ਦੇ ਕਰੈਕਟਰ ਨੂੰ ਆਪਣਾ ਐਂਗਲ ਦੇਣ ਦੀ ਕੋਸ਼ਿਸ਼ ਕੀਤੀ ਹੈ।

* 'ਗੁਲ ਮਕਈ' ਵਿੱਚ ਓਮਪੁਰੀ ਦੇ ਨਾਲ ਕੰਮ ਕਰ ਕੇ ਕਿਹੋ ਜਿਹਾ ਲੱਗਾ?

– ਓਮਪਰੀ ਜੀ ਦੇ ਨਾਲ ਮੈਂ ਇੱਕ ਖਾਸ ਪਲੇਅ 'ਤੁਮਹਾਰੀ ਅੰਮ੍ਰਿਤਾ' ਦਾ ਪੰਜਾਬੀ ਵਰਜਨ ਕੀਤਾ ਸੀ। ਮੈਂ ਉਨ੍ਹਾਂ ਦੇ ਬਹੁਤ ਕਰੀਬ ਸੀ, ਕਿਉਂਕਿ ਉਨ੍ਹਾਂ ਦੇ ਨਾਲ ਬਹੁਤ ਟ੍ਰੈਵਲ ਕੀਤਾ ਸੀ। ਉਹ ਬਹੁਤ ਹੀ ਜ਼ਿੰਦਾਦਿਲ ਅਤੇ ਹਸਮੁੱਖ ਸੁਭਾਅ ਦੇ ਸਨ। ਮੈਂ ਲੱਕੀ ਹਾਂ ਕਿ ਉਨ੍ਹਾਂ ਦੇ ਨਾਲ ਕੰਮ ਕਰਨ ਦਾ ਮੌਕਾ ਮਿ-ਲਿਆ। ਉਹ ਵੀ ਪੰਜਾਬੀ ਸਨ ਅਤੇ ਮੈਂ ਵੀ ਪੰਜਾਬੀ ਹਾਂ ਤਾਂ ਸਾਡੀ ਬਾਂਡਿੰਗ ਚੰਗੀ ਸੀ। ਓਮਪੁਰੀ ਦੇ ਨਾਲ 'ਗੁਲ ਮਕਈ' ਵਿੱਚ ਮੇਰਾ ਕੋਈ ਸੀਨ ਨਹੀਂ ਸੀ, ਇਸ ਲਈ ਸੈਟ ਦੀ ਕੋਈ ਖਾਸ ਗੱਲ ਨਹੀਂ ਦੱਸ ਸਕਦੀ।

* 'ਗੁਲ ਮਕਈ' ਦੇ ਇਲਾਵਾ ਹੋਰ ਕਿਹੜੀਆਂ ਫਿਲਮਾਂ ਕਰ ਰਹੇ ਹੋ?

– ਅਨੁਭਵ ਸਿਨਹਾ ਦੀ ਫਿਲਮ 'ਅਭੀ ਤੋ ਪਾਰਟੀ ਸ਼ੁਰੂ ਹੁਈ ਹੈ' ਅਤੇ ਨਿਤਿਨ ਕੱਕੜ ਦੀ ਫਿਲਮ 'ਰਾਮ ਸਿੰਘ ਚਾਰਲੀ' ਆਏਗੀ। ਇਸ ਦੇ ਇਲਾਵਾ ਦੋ ਸ਼ੋਜ਼ ਆਉਣਗੇ। ਇੱਕ ਨੀਰਜ ਪਾਂਡੇ ਅਤੇ ਦੂਸਰਾ ਸੁਧੀਰ ਮਿਸ਼ਰਾ ਦਾ ਹੈ।

* ਨੈਸ਼ਨਲ ਐਵਾਰਡ ਜਿੱਤਣਾ ਅਤੇ ਲੱਖਾਂ ਕਰੋੜਾਂ ਫੈਂਸ ਨਾਲ ਜੁੜਨ ਦੇ ਪਿੱਛੇ ਦੇ ਸੰਘਰਸ਼ ਨੂੰ ਕਿਸ ਤਰ੍ਹਾਂ ਦੇਖਦੇ ਹੋ?

– ਇਹ ਜਰਨੀ ਮੈਨੂੰ ਸੁਫਨੇ ਵਰਗੀ ਲੱਗਦੀ ਹੈ। ਖੁਸ਼ੀ ਇਸ ਗੱਲ ਦੀ ਹੁੰਦੀ ਹੈ ਕਿ ਇਹ ਰਾਹ ਮੈਂ ਖੁਦ ਬਣਾਇਆ। ਇਸ ਵਿੱਚ ਫੈਮਿਲੀ ਨੇ ਬਹੁਤ ਸਾਥ ਦਿੱਤਾ। ਹੌਲੀ-ਹੌਲੀ ਮੈਂ ਆਪਣਾ ਨਾਂਅ ਬਣਾਇਆ।

## ਪਿਆਰ ਦੋਸਤੀ ਹੈ : ਤਾਰਾ ਸੁਤਾਰੀਆ

ਤਾਰਾ ਸੁਤਾਰੀਆ ਫਿਲਮਾਂ ਤੋਂ ਪਹਿਲਾਂ ਬਤੌਰ ਚਾਈਲਡ ਆਰਟਿਸਟ ਡਿਜ਼ਨੀ ਚੈਨਲ ਦੇ ਸ਼ੋਅ 'ਬਿਗ ਬੜਾ ਬੂਮ' ਤੋਂ ਇਲਾਵਾ 'ਦਿ ਸੂਟ ਲਾਈਫ ਆਫ ਕਰਨ ਐਂਡ ਕਬੀਰ' (2012) ਅਤੇ 'ਓਏ ਜੱਸੀ' (2013) ਵਰਗੇ ਸ਼ੋਅਜ਼ 'ਚ ਨਜ਼ਰ ਆ ਚੁੱਕੀ ਹੈ। ਬਚਪਨ ਤੋਂ ਕੈਮਰੇ ਦਾ ਸਾਹਮਣਾ ਕਰਨ ਲਈ ਤਜਰਬੇਕਾਰ ਹੋ ਚੁੱਕੀ ਤਾਰਾ ਨੇ ਪਿਛਲੇ ਸਾਲ ਫਿਲਮ 'ਸਟੂਡੈਂਟ ਆਫ ਦਿ ਯੀਅਰ 2' ਨਾਲ ਬਤੌਰ ਹੀਰੋਇਨ ਡੈਬਿਊ ਕੀਤਾ ਸੀ। ਇਸ ਤੋਂ ਇਲਾਵਾ ਉਹ ਆਪਣੀ ਦੂਸਰੀ ਫਿਲਮਾਂ 'ਮਰਜਾਵਾਂ' ਵਿੱਚ ਨਜ਼ਰ ਆਈ। ਆਪਣੀਆਂ ਦੋਵੇਂ ਹੀ ਫਿਲਮਾਂ 'ਚ ਦੋ ਵੱਖਰੇ ਅੰਦਾਜ਼ 'ਚ ਨਜ਼ਰ ਆਈ ਤਾਰਾ ਦੀ ਅਗਲੀ ਫਿਲਮ 'ਤੜਪ' ਵਿੱਚ ਉਸ ਦੇ ਆਪੋਜ਼ਿਟ ਸੁਨੀਲ ਸ਼ੈਟੀ ਦਾ ਬੇਟਾ ਅਹਾਨ ਸ਼ੈਟੀ ਫਿਲਮਾਂ ਵਿੱਚ ਡੈਬਿਊ ਕਰ ਰਿਹਾ ਹੈ। ਰਣਬੀਰ ਕਪੂਰ ਦੇ ਚਚੇਰੇ ਭਰਾ ਆਧਾਰ ਜੈਨ ਨਾਲ ਉਸ ਦੀਆਂ ਡੇਟਿੰਗ ਦੀਆਂ ਅਟਕਲਾਂ ਵੀ ਲੱਗ ਰਹੀਆਂ ਹਨ। ਪੇਸ਼ ਹਨ ਉਸ ਨਾਲ ਹੋਈ ਇੱਕ ਗੱਲਬਾਤ ਦੇ ਮੁੱਖ ਅੰਸ਼ :

* ਤੁਸੀਂ ਖੁਦ ਨੂੰ ਆਊਟਸਾਈਡਰ ਦੱਸਦੇ ਹੋ, ਪਰ ਹਾਲ ਹੀ 'ਚ ਤੁਸੀਂ ਦੱਸਿਆ ਕਿ ਤੁਹਾਡਾ ਇੱਕ ਫਿਲਮ ਕੁਨੈਕਸ਼ਨ ਵੀ ਹੈ। ਇਸ ਬਾਰੇ ਦੱਸੋ?

– ਮੇਰਾ ਇਹ ਫਿਲਮ ਕੁਨੈਕਸ਼ਨ ਜਾਨ ਅਬਰਾਹਮ ਨਾਲ ਹੈ। ਉਨ੍ਹਾਂ ਦੇ ਪਰਵਾਰ ਨਾਲ ਸਾਡੀ ਚੰਗੀ ਦੋਸਤੀ ਹੈ। ਉਨ੍ਹਾਂ ਦੇ ਭਰਾ ਤੇ ਪਤਨੀ ਮੇਰੇ ਪਿਤਾ ਦੇ ਕਾਫੀ ਕਰੀਬ ਹਨ। ਮੈਨੂੰ ਯਾਦ ਹੈ, ਜਦੋਂ ਮੈਂ ਛੋਟੀ ਸੀ ਤਾਂ ਜਾਨ ਦੇ ਘਰ ਜਾਂਦੀ ਸੀ। ਅੱਜ ਜਦੋਂ ਅਸੀਂ ਮਿਲਦੇ ਹਾਂ ਤਾਂ ਉਨ੍ਹਾਂ ਨੂੰ ਹੈਰਾਨੀ ਹੁੰਦੀ ਹੈ ਕਿ ਸਾਡੀਆਂ ਗੱਲਾਂ ਫਿਲਮਾਂ ਨਾਲ ਜੁੜੀਆਂ ਹੁੰਦੀਆਂ ਸਨ ਕਿਉਂਕਿ ਅਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਸਾਡੀ ਇੰਡਸਟਰੀ ਸੇਮ ਹੋਵੇਗੀ।



* ਤੁਹਾਨੂੰ ਬਚਪਨ ਵਿੱਚ ਕੈਮਰਾ ਫੇਸ ਕਰਨ ਦਾ ਤਜਰਬਾ ਹੋ ਚੁੱਕਾ ਸੀ। ਉਦੋਂ ਤੋਂ ਅੱਜ ਤੱਕ ਆਪਣੀ ਐਕਟਿੰਗ ਜਰਨੀ ਨੂੰ ਕਿਵੇਂ ਦੇਖਦੇ ਹੋ?

– ਮੈਂ 13 ਸਾਲ ਦੀ ਉਮਰ 'ਚ ਡਿਜ਼ਨੀ ਚੈਨਲ ਲਈ ਵੀ ਜੇ ਦੇ ਰੂਪ ਵਿੱਚ ਕਰੀਅਰ ਸ਼ੁਰੂ ਕੀਤਾ ਸੀ। ਅੱਜ ਮੈਂ 24 ਦੀ ਹੋ ਚੁੱਕੀ ਹਾਂ। ਫਿਲਮਾਂ 'ਚ ਤਾਂ ਮੇਰੀ ਸ਼ੁਰੂਆਤ ਹੀ ਹੋਈ ਹੈ। ਮੈਂ ਦੇਖਣਾ ਚਾਹੁੰਦੀ ਹਾਂ ਕਿ ਭਵਿੱਖ ਦੇ ਗਰਭ ਵਿੱਚ ਮੇਰੇ ਲਈ ਕੀ ਕੁਝ ਹੈ। ਮੈਂ ਐਕਟਿੰਗ ਅਤੇ ਸਿੰਗਿੰਗ ਕਰਦੇ ਹੋਏ ਹੀ ਵੱਡੀ ਹੋਈ ਹਾਂ ਅਤੇ ਇਸ ਸਫਰ ਨੂੰ ਅੱਗੇ ਵਧਾਉਣ 'ਚ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ।

* ਸਿੰਗਿੰਗ ਦਾ ਵੀ ਤੁਹਾਨੂੰ ਬੜਾ ਸ਼ੌਕ ਰਿਹਾ ਹੈ। ਇਸ ਦਿਸ਼ਾ 'ਚ ਵੀ ਕੁਝ ਕਰਨ ਵਾਲੇ ਹੋ?

– ਇਹ ਸੱਚ ਹੈ ਅਤੇ ਮੈਂ ਹਮੇਸ਼ਾ ਤੋਂ ਗਾਇਕਾ ਬਣਨਾ ਚਾਹੁੰਦੀ ਸੀ, ਪਰ ਕਾਲਜ 'ਚ ਮੈਂ ਅਭਿਨੈ 'ਤੇ ਵਿਚਾਰ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਮੈਂ ਮਿਊਜ਼ੀਕਲ ਥਿਏਟਰ ਵਿੱਚ ਕੰਮ ਕਰ ਰਹੀ ਸੀ। ਹਾਂ, ਅੱਗੇ ਚੱਲ ਕੇ ਗਾਇਣ ਨੂੰ ਗੰਭੀਰਤਾ ਨਾਲ ਲਵਾਂਗੀ, ਪਰ ਅਜੇ ਤਾਂ ਮੈਂ ਐਕਟਿੰਗ 'ਤੇ ਹੀ ਸਾਰਾ ਫੋਕਸ ਰੱਖਣਾ ਚਾਹੁੰਦੀ ਹਾਂ।

* ਦੂਸਰੀਆਂ ਅਭਿਨੇਤਰੀਆਂ ਨਾਲ ਤੁਸੀਂ ਕਿੰਨਾ ਮੁਕਾਬਲਾ ਮਹਿਸੂਸ ਕਰਦੇ ਹੋ?

– ਮੈਨੂੰ ਲੱਗਦਾ ਹੈ ਕਿ ਸਾਡੇ ਸਾਰਿਆਂ ਦੀ ਵੱਖ-ਵੱਖ ਕਿਸਮਤ ਹੈ, ਸਾਰਿਆਂ ਦੀ ਵੱਖ-ਵੱਖ ਥਾਂ ਹੈ। ਸਾਰਿਆਂ ਦੇ ਅਭਿਨੈ ਦਾ ਤਰੀਕਾ ਵੀ ਵੱਖਰਾ ਹੈ। ਮੈਨੂੰ ਨਹੀਂ ਲੱਗਦਾ ਕਿ ਅਸੀਂ ਕਦੇ ਇੱਕ ਦੂਜੇ ਦਾ ਰੋਲ ਕੱਟਾਂਗੇ ਕਿਉਂਕਿ ਮੈਂ ਸਾਰਾ, ਜਾਨ੍ਹਵੀ ਅਤੇ ਅਨੰਨਿਆ ਤੋਂ ਇਕਦਮ ਵੱਖ ਹਾਂ। ਅਸੀਂ ਸਾਰੇ ਫਿਲਮ ਨਗਰੀ ਵਿੱਚ ਆਪਣੀ ਆਪਣੀ ਜਗ੍ਹਾ ਪ੍ਰਾਪਤ ਕਰਾਂਗੇ। ਮੈਨੂੰ ਲੱਗਦਾ ਹੈ ਕਿ ਕਾਫੀ ਹੱਦ ਤੱਕ ਅਸੀਂ ਉਹ ਜਗ੍ਹਾ ਵੀ ਪ੍ਰਾਪਤ ਕਰ ਚੁੱਕੇ ਹਾਂ।


* ਤੁਹਾਡੇ ਲਈ ਪਿਆਰ ਦਾ ਕੀ ਮਤਲਬ ਹੈ? ਤੁਸੀਂ ਕਿਸ ਤਰ੍ਹਾਂ ਦਾ ਜੀਵਨ ਸਾਥੀ ਚਾਹੁੰਦੇ ਹੋ?

– ਮੈਂ ਇੱਕ ਹੋਪਲੈੱਸ ਰੋਮਾਂਟਿਕ (ਅਜਿਹਾ ਵਿਅਕਤੀ ਜੋ ਕਾਫੀ ਰੋਮਾਂਟਿਕ ਹੈ) ਹਾਂ। ਇਹ ਦੁਨੀਆ ਦੀ ਸਭ ਤੋਂ ਹੈਰਾਨੀ ਜਨਕ ਅਤੇ ਸੁੰਦਰ ਚੀਜ਼ ਹੈ। ਮੈਂ ਪਿਆਰ 'ਚ ਪੈਣ ਦਾ ਇੰਤਜ਼ਾਰ ਨਹੀਂ ਕਰ ਸਕਦੀ। ਬਾਕੀ ਰਹੀ ਜੀਵਨ ਸਾਥੀ ਦੀ ਗੱਲ ਤਾਂ ਮੇਰੀ ਇੱਛਾ ਹੈ ਕਿ ਉਹ ਹਸਮੁੱਖ ਹੋਵੇ, ਕੋਈ ਅਜਿਹਾ ਜਿਸ ਨਾਲ ਤੁਸੀਂ ਹਾਸਾ-ਮਜ਼ਾਕ ਕਰ ਸਕਦੇ ਹੋ। ਮੇਰਾ ਮੰਨਣਾ ਹੈ ਕਿ ਪਿਆਰ ਦੋਸਤੀ ਹੈ। ਮੈਨੂੰ ਲੁਕਸਲ ਦੀ ਕੋਈ ਪ੍ਰਵਾਹ ਨਹੀਂ।

* ਕਾਸਮੈਟਿਕ ਸਰਜਰੀ ਬਾਰੇ ਤੁਹਾਡੀ ਰਾਏ ਕੀ ਹੈ? ਆਪਣਾ ਇੱਕ ਮੇਕਅਪ ਸੀਕ੍ਰੇਟ ਦੱਸੋ?

–ਹਰ ਕਿਸੇ ਦਾ ਆਪਣਾ ਫੈਸਲਾ ਹੋ ਸਕਦਾ ਹੈ। ਜੇ ਕਿਸੇ ਨੂੰ ਅਜਿਹਾ ਕਰਵਾ ਕੇ ਚੰਗਾ ਲੱਗਦਾ ਹੋਵੇ ਤਾਂ ਉਨ੍ਹਾਂ ਲਈ ਠੀਕ ਹੈ। ਉਂਝ ਆਪਣੀ ਗੱਲ ਕਰਾਂ ਤਾਂ ਮੈਂ ਅਜਿਹਾ ਨਹੀਂ ਕਰਾਂਗੀ। ਮੈਂ ਆਪਣੇ ਮੇਕਅਪ ਸੀਕ੍ਰੇਟ 'ਚ ਆਪਣੇ ਬਲਸ਼ ਦੀ ਵਰਤੋਂ ਬੁੱਲ੍ਹਾਂ 'ਤੇ ਕਰਨਾ ਪਸੰਦ ਕਰਦੀ ਹਾਂ। ਕਦੇ ਕਦੇ ਪਲਕਾਂ 'ਤੇ ਵੀ। ਅਸੀਂ ਇਸ ਦੀ ਵਰਤੋਂ ਕਈ ਤਰ੍ਹਾਂ ਨਾਲ ਕਰ ਸਕਦੇ ਹਾਂ।


ਬਿਜਲੀ ਦਾ ਕੋਈ ਵੀ ਛੋਟਾ/ਵੱਡਾ ਕੰਮ ਹੋਵੇ


For All Kinds of Electrical Work

(indoor/outdoor)
LED Pot Lights ਲਗਵਾਉਣ 'ਤੇ
DIMMER FREE ਲਗਵਾਓ

- Industrial Lighting/ Automation
- Residential/Commercial/Industrial
- Basement/Custom Homes Wiring
- Service Panel Upgrading
- Fire Alarm/ Securtiy System
- Drive way Lights
- CCTV Camera
- UPS & Battery Banks

Contact: Nirmal Singh Johal
(Certified Electrician)
647-716-2677

